ਕੈਨੇਡਾ ਦਰਪਣ

ਨਵੰਬਰ 1, 1985

November 1, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Weekending November 1, 1985, Vol. 4 No. 42 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604) 581-4473

ਕਾਮਨ ਵੈਲਥ ਕਾਨਫਰੰਸ ਖਤਮ

ਨਸਲਵਾਦੀ ਸਰਕਾਰ ਵਿਰੁੱਧ ਮਤਾ

ਨਾਸਾ — ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਇਥੇ ਖਤਮ ਹੋ ਗਈ ਹੈ ਅਤੇ ਕਾਮਨਵੈਲਥ ਦੇ ਸਾਰੇ ਦੇਸ਼ਾਂ ਨੇ ਸਰਬਸੰਮਤੀ ਨਾਲ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਮਤਾ ਪਾਸ ਕੀਤਾ ਹੈ ਕਿ ਕਾਮਨਵੈਲਥ ਦੇ ਸਾਰੇ ਦੇਸ਼ ਦੱਖਣੀ ਅਫਰੀਕਾ ਨਾਲ ਵਪਾਰਕ ਸਬੰਧ ਤੋੜਨ ਲਈ ਯਤਨਸ਼ੀਲ ਹੋਣਗੇ।

ਬਰਤਾਨੀਆਂ ਦਾ ਨਾਂਹ-ਪੱਖੀ ਵਤੀਰਾ

ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਰੋਲ ਦੀ ਇਥੇ ਕਾਫੀ ਚਾਰਚਾ ਰਹੀ। ਬਰਤਾਨੀਆਂ ਦਾ ਸਭ ਤੋਂ ਵੱਧ ਵਪਾਰ ਇਸ ਨਸਲਵਾਦੀ ਸਰਕਾਰ ਨਾਲ ਹੈ। ਪਰ ਰਾਜੀਵ ਗਾਂਧੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਰੂਨੀ ਦੇ ਜ਼ੋਰ ਪਾਉਣ ਉਤੇ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਸਾਂਝੇ ਬਿਆਨ ਨਾਲ ਸਹਿਮਤ ਹੋ ਗਈ।

ਰਾਜੀਵ ਗਾਂਧੀ ਨੀਊਯੌਰਕ ਵਿਚ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਸਾ ਤੋਂ ਨੀਊਯੌਰਕ ਪਹੁੰਚੇ ਜਿਥੇ ਉਹ ਸੰਸਾਰ ਦੇ ਹੋਰ ਲੀਡਰਾਂ ਸਮੇਤ ਸੰਯੁਕਤ ਅਸੈਂਬਲੀ ਦੇ ਚਾਲੀਵੇਂ ਸਾਲ ਉਤੇ ਆਪਣਾ ਬਿਆਨ ਦੇਣਗੇ। ਇਸ ਪਿਛੋਂ ਰਾਜੀਵ ਗਾਂਧੀ ਅਮਰੀਕਾ ਦੇ ਪ੍ਰਧਾਨ ਰੇਗਨ ਨਾਲ ਮਿਲਣਗੇ।

ਰਾਜੀਵ ਗਾਂਧੀ 6 ਨਵੰਬਰ ਨੂੰ ਪੰਜਾਬ ਜਾਵੇਗਾ

ਚੰਡੀਗੜ੍ਹ — ਖਬਰਾਂ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ 6 ਨਵੰਬਰ ਨੂੰ ਥੀਨ ਡੈਮ ਦਾ ਨੀਂਹ ਪੱਥਰ ਰੱਖਣ ਲਈ ਪੰਜਾਬ ਜਾ ਰਹੇ ਹਨ। ਇਹ ਪ੍ਰਾਜੈਕਟ ਪਿਛਲੇ ਦਸ ਸਾਲ ਤੋਂ ਲਟਕਦਾ ਚਲਾ ਆ ਰਿਹਾ ਹੈ। 6 ਨਵੰਬਰ ਨੂੰ ਰਾਜੀਵ ਗਾਂਧੀ ਪਹਿਲਾਂ ਪਟਿਆਲੇ ਇਕ ਸਮਾਰੋਹ ਵਿਚ ਭਾਗ ਲੈਣ ਤੋਂ ਉਪਰੰਤ ਗੁਰਦਾਸਪੁਰ ਲਈ ਰਵਾਨਾ ਹੋਣਗੇ।

ਅਸੈਂਬਲੀ ਸਮਾਗਮ ਦੇ ਖਾਤਮੇ ਤੱਕ ਬਦਲੀਆਂ ਤੇ ਰੋਕ

ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਨੇ ਵਿਭਾਗੀ ਤਬਦੀਲੀਆਂ 30 ਅਕਤੂਬਰ ਤੱਕ ਰੋਕ ਦਿਤੀਆਂ ਹਨ। ਇਹ ਵੀ ਦੱਸਿਆ ਗਿਆ ਹੈ ਕਿ 13 ਮੰਤਰੀ ਨਵੰਬਰ ਦੇ ਪਹਿਲੇ ਜਾਂ ਦੂਜੇ ਹਫਤੇ ਅਕਾਲੀ ਮਨਿਸਟਰੀ ਵਿਚ ਹੋਰ ਸ਼ਾਮਲ ਕੀਤੇ ਜਾਣਗੇ ਜਿਨ੍ਹਾਂ ਵਿਚ ਇਸਤਰੀਆਂ ਨੂੰ ਵੀ ਪ੍ਰਤੀਨਿਧਤਾ ਮਿਲੇਗੀ

ਨਸਲਵਾਦ ਵਿਰੋਧੀ ਸੰਮਤੀ ਦੇ ਪ੍ਰਧਾਨ ਉਤੇ ਹਮਲਾ



ਨੀਊਵੈਸਟ — 'ਸਨ' ਅਖਬਾਰ ਦੀ ਖਬਰ ਅਨੁਸਾਰ ਐਤਵਾਰ 20 ਅਕਤੂਬਰ ਨੂੰ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਦੇ ਪ੍ਰਧਾਨ ਸ੍ਰੀ ਚਰਨਪਾਲ ਗਿੱਲ ਉਤੇ ਗੁਰਦੁਆਰਾ ਸੁੱਖ ਸਾਗਰ ਦੇ ਅੰਦਰ ਹਮਲਾ ਕੀਤਾ ਗਿਆ। ਹਮਲਾ ਕਰਨ ਵਾਲੇ, ਸ੍ਰੀ ਗਿੱਲ ਅਨੁਸਾਰ ਸਿਖ ਯੂਥ ਫੈਡਰੇਸ਼ਨ ਦੇ ਮੈਂਬਰ ਸਨ।

"ਸਨ' ਅਖਬਾਰ ਨੇ 21 ਅਕਤੂਬਰ ਦੇ ਮੁੱਖ ਪੰਨੇ ਉਤੇ ਇਹ ਖਬਰ ਛਾਪਦਿਆਂ ਲਿਖਿਆ ਹੈ ਕਿ ਇਹ ਘਟਨਾ ਉਨ੍ਹਾਂ ਘਟਨਾਵਾਂ ਦੀ ਲੜੀ ਦਾ ਹੀ ਹਿਸਾ ਹੈ ਜੋ ਮੂਲਵਾਦੀਆਂ ਤੇ 'ਖਾਲਿਸਤਾਨ' ਦੇ ਪੈਰੋਕਾਰਾਂ ਵੱਲੋਂ ਗੁਰਦੁਆਰਿਆਂ ਵਿਚ ਕੀਤੀਆਂ ਜਾ ਰਹੀਆਂ ਹਨ।

ਸ੍ਰੀ ਗਿੱਲ ਨੇ ਕਿਹਾ ਕਿ ਦਸ ਦੇ ਕਰੀਬ ਬੰਦਿਆਂ ਨੇ ਉਨ੍ਹਾਂ ਦੁਆਲੇ ਘੇਰਾ ਪਾ ਲਿਆ ਅਤੇ ਕਹਿਣ ਲੱਗੇ ਕਿ ਉਸ ਨੇ ਇਕ ਚਿੱਠੀ ਰਾਹੀਂ ਹਿੰਸਾ ਨੂੰ ਨਿੰਦਿਆ ਕਿਉਂ ਹੈ? ਇਹ ਚਿਠੀ ਸ੍ਰੀ ਗਿੱਲ ਨੇ ਸਰੀ-ਗੁਰੂ ਘਰ ਦੇ ਪ੍ਰਧਾਂਨ ਉਤੇ ਕੀਤੇ ਗਏ ਹਮਲੇ ਦੇ ਸਬੰਧ ਵਿਚ ਲਿਖੀ ਗਈ ਦੱਸੀ ਗਈ ਹੈ।

ਸ੍ਰੀ ਗਿੱਲ ਨੇ ਕਿਹਾ ਕਿ ਇਹ ਸਾਰੀ ਕਮਿਊਨਿਟੀ ਲਈ ਸ਼ਰਮ ਵਾਲੀ ਗੱਲ ਹੈ ਕਿ ਖਾਸਕਰ ਜਦੋਂ ਪੂਜਾ ਦੇ ਸਥਾਨਾਂ ਉਤੇ ਅਜਿਹੇ ਹਮਲੇ ਹੋਣ ਲੱਗ ਪੈਣ ਤਾਂ ਇਹ ਹੋਰ ਵੀ ਬੁਰੀ ਗੱਲ ਹੈ।

ਅਖਬਾਰ ਨੇ ਲਿਖਿਆ ਹੈ ਕਿ ਹਰਜੀਤ ਸਿੰਘ ਅਟਵਾਲ ਨਾਂ ਦੇ ਵਿਅਕਤੀ ਨੇ ਕਿਹਾ ਕਿ ਉਹ 10,15 ਵਿਅਕਤੀ ਗੁਰੂ ਘਰ ਸੁਖ ਸਾਗਰ ਗਏ ਸਨ ਪਰ ਉਸਨੇ ਚਰਨਪਾਲ ਗਿੱਲ ਉਤੇ ਹਮਲੇ ਤੋਂ ਨਾਂਹ ਕੀਤੀ।

ਯਾਦ ਰਹੇ ਕਿ ਇਹ ਉਪਰੋਕਤ ਘਟਨਾ ਉਸ ਸਮੇਂ ਵਾਪਰੀ ਜਦ ਮਲਕੀਤ ਸਿੰਘ ਮੁੱਤੀ ਅਤੇ ਹੋਰ ਪ੍ਰਵਾਰਾਂ ਵੱਲੋਂ, ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਅਤੇ ਸੰਗਤਾਂ ਥੱਲੇ ਲੰਗਰ ਛਕ ਰਹੀਆਂ ਸਨ। ਸ੍ਰੀ ਅਖੰਡ ਪਾਠ ਦੇ ਭੋਗ ਉਤੇ ਆਏ ਵਿਅਕਤੀ ਸ੍ਰੀ ਮੁੱਤੀ ਦੇ ਸੱਦੇ ਉਤੇ ਪਹੁੰਚੇ ਹੋਏ ਸਨ।



ਦਰਸ਼ਕਾਂ ਅਨੁਸਾਰ ਜਿਸ ਵੇਲੇ ਸ੍ਰੀ ਚਰਨਪਾਲ ਗਿੱਲ ਉਤੇ ਹਮਲਾ ਕੀਤਾ ਗਿਆ ਉਸ ਸਮੇਂ ਕਾਫੀ ਗਿਣਤੀ ਵਿਚ ਸੰਗਤਾਂ ਉਥੇ ਹਾਜ਼ਰ ਸਨ।

ਦਰਸ਼ਕਾਂ ਨੇ ਇਹ ਵੀ ਦੱਸਿਆ ਕਿਉਂਕਿ ਉਥੇ ਬਹੁਤੀ ਗਿਣਤੀ ਉਸ ਦਿਨ ਖਾਲਿਸਤਾਨ ਵਿਰੋਧੀਆਂ ਦੀ ਸੀ ਅਤੇ ਉਥੇ ਪਹੁੰਚੇ ਲੋਕਾਂ ਨੇ ਵੋਟਾਂ ਵੀ ਬਨਾਉਣੀਆਂ ਸਨ — ਇਹ ਹੱਲਾ ਗੁੱਲਾ ਇਸ ਲਈ ਹੋਇਆ ਤਾਂ ਕਿ ਲੋਕ ਵੋਟਾਂ ਨਾਂ ਬਣਾ ਸਕਣ।

ਆਮ ਕਮਿਊਨਿਟੀ ਵਿਚ ਸ੍ਰੀ ਚਰਨਪਾਲ ਗਿੱਲ ਉਤੇ ਹੋਏ ਹਮਲੇ ਕਾਰਨ ਗੁੱਸਾ ਪਾਇਆ ਦੱਸਿਆ ਜਾਂਦਾ ਹੈ।

ਮੌਤਾਂ ਦੀ ਜਾਂਚ ਲਈ ਕਮਿਸ਼ਨ ਉਤੇ ਜ਼ੋਰ

ਮੋਗਾ — ਜਨਤਾ ਨੇਤਾ ਰੂਪ ਲਾਲ ਸਾਥੀ ਨੇ ਮੁਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਸਮਾਂ ਪਹਿਲਾਂ 26 ਅਪਰੈਲ 1984 ਨੂੰ ਇਕ ਸਥਾਨਕ ਗੁਰਦੁਆਰੇ ਦੇ ਬਾਹਰ 8 ਸਿਖ ਯੁਵਕਾਂ ਅਤੇ ਉਸ ਤੋਂ ਪਹਿਲਾਂ ਪੁਲੀਸ ਦੇ ਏ. ਐਸ. ਆਈ. ਜਗਦੀਸ਼ ਪ੍ਰਸ਼ਾਂਦ ਦੀ ਮੌਤ ਦੀ ਪੜਤਾਲ ਲਈ ਵਿਸ਼ੇਸ਼ ਕਮਿਸ਼ਨ ਕਾਇਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਕਮਿਸ਼ਨ ਹੀ ਉਨ੍ਹਾਂ ਘਟਨਾਵਾਂ ਬਾਰੇ ਸਹੀ ਸਥਿਤੀ ਦਾ ਪਤਾ ਲਾ ਸਕਦਾ ਹੈ ਅਤੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾ ਸਕਦਾ ਹੈ।

(ਬਲਵੰਤ ਸਿੰਘ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ) ਤੋਂ ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਤੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਸੋਮਵਾਰ ਨੂੰ ਚੰਡੀਗੜ੍ਹ ਵਿਚ ਪੰਜਾਬ ਵਿਧਾਨ ਸਭਾ ਵੱਲ ਆਉਂਦੇ ਹੋਏ । (ਫੋਟੋ : ਯੋਗ ਜੁਆਏ)

ਪੰਜਾਬ ਵਿਧਾਨ ਸਭਾ ਸੈਸ਼ਨ

ਚੰਡੀਗੜ੍ਹ — ।9ਵੀਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਲਗਭਗ ਦੋ ਹਫਤਿਆਂ ਤੋਂ ਵੱਧ ਸਮੇਂ ਲਈ ਚਲੇਗਾ, ਦੇ ਸੁਖਾਵੇਂ ਮਾਹੌਲ ਵਿਚ ਸ਼ੁਰੂ ਹੋ ਕੇ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਖਤਮ ਹੋਣ ਦੀਆਂ ਸੰਭਾਵਨਾਵਾਂ ਹਨ । ਸਦਨ ਦੇ ਮੈਂਬਰਾਂ ਦੀ ਇਸ ਪਹਿਲੀ ਮਿਲਣੀ ਸਮੇਂ ਕੋਈ ਵਾਦ-ਵਿਵਾਦ ਵਾਲਾ ਮਸਲਾ ਨਹੀਂ ਉਠਿਆ। ਅਸਲ ਵਿਚ ਸੈਸ਼ਨ ਦੌਰਾਨ ਬਹੁਤੀਆਂ ਰਸਮੀ ਕਾਰਵਾਈਆਂ ਹੀ ਪੂਰੀਆਂ ਕੀਤੀਆਂ ਜਾਣੀਆਂ ਹਨ ।

ਸੈਸ਼ਨ ਦੀ ਸ਼ੁਰੂਆਤ ਆਰਜ਼ੀ ਸਪੀਕਰ ਸ. ਰਵੀਇੰਦਰ ਸਿੰਘ ਵਲੋਂ ਨਵੇਂ ਚੁਣੇ ਵਿਧਾਇਕਾਂ ਨੂੰ ਸਹੁੰ ਚਕਾਉਣ ਦੀ ਰਸਮ ਸ਼ੁਰੂ ਹੋ ਕਰਨ ਨਾਲ ਹੋਈ। 117 ਮੈਂਬਰੀ ਸਦਨ ਦੇ 114 ਮੈਂਬਰਾਂ ਨੂੰ ਸਹੁੰ ਚਕਾਉਣ ਦਾ ਕੰਮ ਪਹਿਲੇ ਦਿਨ ਹੀ ਪੂਰਾ ਹੋ ਗਿਆ ਹੈ। ਚੇਤੇ ਰਹੇ ਦੋ ਹਲਕਿਆਂ ਵਿਚ ਆਜ਼ਾਦ ਉਮੀਦਵਾਰ ਦੀ ਮੌਤ ਹੋ ਜਾਣ ਕਾਰਨ ਚੋਣ ਨਹੀਂ ਹੋ ਕੀ ।

ਸ. ਰਵੀਇੰਦਰ ਸਿੰਘ ਨੂੰ ਸਰਬਸੰਮਤੀ ਨਾਲ ਸਪੀਕਰ ਚ ਚੁਣ ਲਿਆ ਗਿਆ ਸੀ, ਉਹ ਪਿਛਲੀ ਬਾਦਲ ਵਜ਼ਾਰਤ ਵੇਲੇ ਸਪੀਕਰ ਰਹਿ ਚੁਕੇ ਹਨ । ਦੱਸਿਆ ਜਾਂਦਾ ਹੈ ਕਿ ਸਪੀਕਰ ਦ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲ ਪੇਸ਼ ਕੀਤਾ । ਡਿਪਟੀ ਸਪੀਕਰ ਦੀ ਚੋਣ ਦਾ ਮਸਲ ਮਾਮਲਾ ਏਜੰਡੇ ਵਿਚ ਸ਼ਾਂਮਲ ਨਹੀਂ ਜੋ ਬਾਅਦ ਵਿਚ ਕੀਤੀ ਜਾਵੇਗੀ । 15 ਅਕਤੂਬਰ ਨੂੰ ਪਿਛਲੀ ਵਿਧਾਨ ਸਭਾਂ ਦੇ ਸਪੀਕਰ ਅ

15 ਅਕਤੂਬਰ ਨੂੰ ਪਿਛਲੀ ਵਿਧਾਨ ਸਭਾ ਦੇ ਆਖਰੀ ਸੈਸ਼ਨ ਤੋਂ ਲੈ ਕੇ ਹੁਣ ਤਕ ਸੁਰਗਵਾਸ ਹੋਏ ਨ.ਗਤਾਵਾਂ ਤੇ ਸਾਬਕਾ ਵਿਧਾਇਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਰਕਾਰ ਮੀਤਾ ਰੱਖਿਆ । ਮੈਂਬਰਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਦੂਜੀਆਂ ਹਸਤੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ।

97 ਪਾਲਿਕਾਵਾਂ ਭੰਗ ਕੀਤੇ ਜਾਣ ਦੀ ਸੰਭਾਵਨਾ

ਚੰਡੀਗੜ੍ਹ — ਪੰਜਾਬ ਸਰਕਾਰ 97 ਨਗਰਪਾਲਿਕਾਵਾਂ ਭੰਗ ਕਰਕੇ ਉਨ੍ਹਾਂ ਦਾ ਪ੍ਰਬੰਧ ਅਧਿਕਾਰੀਆਂ ਨੂੰ ਸੌਂਪਣ ਦਾ ਫੈਸਲਾ ਕਰਚੁਕੀ ਹੈ । ਜਿਸਦਾ ਐਲਾਨ ਇਸੇ ਹਫਤੇ ਹੋ ਜਾਣ ਦੀ ਸੰਭਾਵਨਾ ਹੈ । ਵਰਤਮਾਨ ਨਗਰਪਾਲਿਕਾਵਾਂ ਦੀ ਮਿਆਦ ਖਤਮ ਹੋ ਚੁਕੀ ਹੈ ਪਰ ਇਨ੍ਹਾਂ ਉਥਤੇ ਕਾਂਗਰਸ (ਆਈ) ਮੈਂਬਰਾਂ ਦੇ ਕਬਜ਼ੇ ਹੋਣ ਕਰਕੇ ਸਾਬਕ ਸਰਕਾਰ ਪਾਲਿਕਾਵਾਂ ਦੀ ਮਿਆਦ ਵਧਾਂਦੀ ਰਹੀ ਹੈ। ਰਾਸ਼ਟਰਪਤੀ ਰਾਜ ਵਿਚ ਤਿੰਨ ਵਾਰੀ ਛੇ-ਛੇ ਮਹੀਨੇ ਮਿਆਦ ਵਧਾਈ ਗਈ ਹੈ ਅਤੇ ਅੰਤਮ ਵਾਰ ਵਧਾਈ ਮਿਆਦ ਦਸੰਬਰ ਤੱਕ ਹੈ ਪਰ ਸਰਕਾਰ ਪਹਿਲਾਂ ਹੀ ਇਨ੍ਹਾਂ ਨੂੰ ਚਲਦਾ ਕਰ ਦੇਵੇਗੀ ।

ਉਚ ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨਗਰ ਪਾਲਿਕਾਵਾਂ ਅਤੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਤਿੰਨੇ ਨਗਰ ਨਿਗਮਾਂ ਦੀਆਂ ਚੋਣਾਂ ਸਾਲ 1986 ਦੇ ਅੰਜ਼ਤ ਵਿਚ ਕਰਾਏਗੀ । ਇਸ ਤੋਂ ਪਹਿਲਾਂ ਇਨ੍ਹਾਂ ਦੀ ਨਵੀਂ ਵਾਰਡਬੰਦੀ ਤੇ ਵੋਟਰ ਸੂਚੀਆਂ ਤਿਆਰ ਕਰਾਈਆਂ ਜਾਣਗੀਆਂ । ਇਨ੍ਹਾਂ ਸੂਤਰਾਂ ਅਨੁਸਾਰ ਜਿਨ੍ਹਾਂ ਨਗਰ ਪਾਲਿਕਾਵਾਂ ਦੀ ਵਾਰਡਬੰਦੀ ਹੋ ਚੁੱਕੀ ਹੈ, ਸਰਕਾਰ ਉਨ੍ਹਾਂ ਦੀ ਜਾਂਚ ਕਰਾਏਗੀ ਅਤੇ ਜੋ ਠੀਕ ਹੋਣਗੀਆਂ ਉਨ੍ਹਾਂ ਦੀ ਪਰਵਾਨਗੀ ਦੇ ਦੇਵੇਗੀ । ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਰਨਾਲਾ

ਭਾਈ ਅਮਰੀਕ ਸਿੰਘ ਦੇ ਰਿਸ਼ਤੇਦਾਰ ਵਿਰੁਧ ਕੇਸ ਵਾਪਸ

ਚੰਡੀਗੜ੍ਹ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਵਰਗੀ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਇਕ ਸਕੇ ਸਬੰਧੀ ਸ: ਗੁਰਤੇਜ ਸਿੰਘ ਵਿਰੁਧ ਕੌਮੀ ਸੁੱਰਖਿਆ ਐਕਟ ਅਧੀਨ ਦਰਜ ਕੇਸ ਪੰਜਾਬ ਸਰਕਾਰ ਨੇ ਵਾਪਸ ਲੈ ਲਿਆ ਹੈ। ਦੱਸਿਆ ਜਾਂਦਾ ਹੈ ਕਿ ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੇ ਕਹਿਣ ਉਤੇ ਪਟਿਆਲਾ ਰੇਂਜ ਦੇ ਡੀ. ਆਈ. ਜੀ. ਪੁਲੀਸ ਨੂੰ ਇਸ ਬਾਰੇ ਹਦਾਇਤ ਕਰ ਦਿਤੀ ਗਈ ਹੈ ।

ਸ. ਗੁਰਤੇਜ ਸਿੰਘ ਜੋ ਪੰਜਾਬ ਹੋਮ ਗਾਰਡ ਸੰਗਰੂਰ ਦੇ ਸਾਬਕਾ ਕਮਾਂਡਰ ਹਨ, ਪੁਲੀਸ ਦੇ ਹੱਥ ਆਉਣ ਦੀ ਥਾਂ ਰੂਪੋਸ਼ ਹੋ ਗਏ ਹ ਸਨ । ਉਨ੍ਹਾਂ ਵਿਰੁਧ ਕੋਈ ਗੰਭੀਰ ਦੋਸ਼ ਨਹੀਂ ਸੀ ਪਰ ਕੁਝ ਪੁਲੀਸ ਅਧਿਕਾਰੀ ਉਨ੍ਹਾਂ ਦੀ ਭਾਈ ਅਮਰੀਕ ਸਿੰਘ ਨਾਲ ਰਿਸ਼ਤੇਦਾਰੀ ਕਾਰਨ ਉਨ੍ਹਾਂ ਨੂੰ ਤੰਗ ਕਰਨ ਉਤੇ ਤੁਲੇ ਹੋਏ ਸਨ । ਪੁਲੀਸ ਸ: ਗੁਰਤੇਜ ਸਿੰਘ ਦੇ ਰੂਪੋਸ਼ ਹੋਣ ਬਾਅਦ ਉਨ੍ਹਾਂ ਦੇ ਪਰਵਾਰ ਦੇ ਜੀਆਂ ਤੇ ਰਿਸ਼ਤੇਦਾਰਾਂ ਨੂੰ ਨਜਾਇਜ਼ ਹਿਰਾਸਤ ਵਿਚ ਰੱਖ ਕੇ ਤੰਗ ਪਰੇਸ਼ਾਨ ਕ ਕਰਦੀ ਰਹੀ ਸੀ। ਇਸੇ ਦੌਰਾਨ ਸ. ਗੁਰਤੇਜ ਸਿੰਘ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਉਹ ਉਨ੍ਹਾਂ ਵਾਂਗ ਝੂਠੇ ਪੁਲਸ ਕੇਸਾਂ 'ਚ ਫਸਾਏ ਨੌਜਵਾਨਾਂ ਦੀ ਰਿਹਾਈ ਤੇ ਪੰਥਕ ਏਕੇ ਲਈ ਆਪਣਾ ਸਾਰਾ ਸਮਾਂ ਅਰਪਣ ਕਰਨਗੇ । ਉਨ੍ਹਾਂ ਨੇ ਮੰਗ ਕੀਤੀ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਰਾਜ ਦੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਬਿਨਾਂ ਵਜ੍ਹਾ ਤੰਗ ਪਰੇਸ਼ਾਨ ਕਰਨ ਲਈ ਜ਼ਿੰਮੇਂਵਾਰ ਪੁਲੀਸ ਅਧਿਕਾਰੀਆਂ ਨੂੰ ਯੋਗ ਸਜ਼ਾਵਾਂ ਦਿਤੀਆਂ ਜਾਣ ।

ਪੁਨਰਵਾਸ 'ਤੇ 1.3 ਕਰੋੜ ਰੁਪਏ ਖਰਚੇ

ਲੁਧਿਆਣਾ — ਸ਼ਰੋਮਣੀ ਪ੍ਰਬੰਧਕ ਕਮੇਟੀ ਨੇ ਨੀਲਾ ਤਾਰਾ ਅਪਰੇਸ਼ਨ ਦੇ "ਸ਼ਹੀਦਾਂ" ਅਤੇ ਦੰਗਾ ਪੀੜਤਾਂ ਦੇ ਪੁਨਰਵਾਸ ਦੇ ਕੰਮ ਤੇ 1.13 ਕਰੋੜ ਰੁਪਏ ਖਰਚੇ ਹਨ। ਇਹ ਇੰਕਸ਼ਾਂਫ ਇਥੇ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਕੀਤਾ।

ਸਰਕਾਰ ਕੋਈ ਵੀ ਕਦਮ ਕਾਹਲੀ ਨਾਲ ਨਹੀਂ ਉਠਾਉਣਾ ਚਾਹੁੰਦੀ ਜਿਸ ਨਾਲ ਹਾਲਾਤ ਖਰਾਬ ਹੋਣ ਜਾਂ ਫਿਰਕੂ ਤਣਾਓ ਵਧੇ ।

ਅਤਿਵਾਦੀਆਂ ਦੀਆਂ ਗਤੀਵਿਧੀਆਂ ਉਤੇ ਸਖਤ ਨਜ਼ਰ

ਵੈਨਕੂਵਰ — 'ਪ੍ਰੋਵਿਨਸ' ਦੇ ਸਲੀਮ ਜਾਵਾ ਅਨੁਸਾਰ ਰਾਜੀਵ ਦੀ ਆਮਦ ਕਾਰਨ ਲੋਅਰ ਮੇਨ ਲੈਂਡ ਵਿਚ ਆਰ. ਸੀ. ਐਮ. ਪੀ. ਮਿਲੀਟੈਂਟ ਦੀਆਂ ਹਰਕਤਾਂ ਨੂੰ ਧਿਆਨ ਵਿਚ ਰਖ ਰਹੀ ਹੈ। ਬਾਰਡਰ ਉਤੇ ਸੁਰਖਿਆ ਪ੍ਰਬੰਧ ਸਖਤ ਕਰ ਦਿਤੇ ਗਏ ਹਨ ਅਤੇ ਸ਼ੱਕੀ ਥਾਵਾਂ ਤੇ ਛਾਪੇ ਮਾਰੇ ਜਾ ਰਹੇ ਹਨ ਅਤੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਇਸ ਸਭ ਕੁਝ ਕਰਨ ਦੇ ਕਾਰਨ ਥੱਲੇ ਲਿਖੇ ਹਨ :

- ਇਕ ਮਿਲੀਟੈਂਟ ਟਰੇਨਿੰਗ ਕੈਂਪ ਨਿਊਵੈਸਟ ਸਿਖ ਟੈਂਪਲ ਦੇ ਪਿਛਵਾੜੇ ਲਾਇਆ ਗਿਆ ਜਿਸ ਵਿਚ ਟਰਾਂਟੋ ਤੋਂ ਆਏ ਅਤਿਵਾਦੀ ਯੁਵਕਾਂ ਨੇ ਹਿਸਾ ਲਿਆ ।
- ਇਹ ਸ਼ੱਕ ਕੀਤਾ ਜਾਂਦਾ ਹੈ ਕਿ ਲਾਲ ਸਿੰਘ ਤੇ ਅਮੰਦ ਸਿੰਘ ਲੋਅਰ ਮੇਨਲੈਂਡ ਵਿਚ ਹੀ ਛੁਪੇ ਹੋਏ ਹਨ ।
- ਇੰਟਰ ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੈਂਬਰਾਂ ਦੀ ਇੰਗਲੈਂਡ ਵਿਚ ਗ੍ਰਿਫਤਾਰੀ, ਇਹਨਾਂ ਦੁਆਰਾ ਰਾਜੀਵ ਨੂੰ ਕਤਲ ਕਰਨ ਦੀ ਸੌਂਜ਼ਸ਼ ।
- ਵੈਨਕੂਵਰ ਇੰਟਰਨੈਨਨਲ ਬਰਾਂਚ ਵਲੋਂ ਵੈਨਾਂ ਰਾਹੀਂ ਬੰਦੇ ਲਿਜਾਕੇ ਕੈਲੀਫੋਰਨੀਆਂ ਵਿਚ ਹੋ ਰਹੀ ਕਨਵੈਨਸ਼ਨ ਵਿਚ ਹਿਸਾ ਲੈਣ ਦਾ ਐਲਾਨ ।

ਤਲਵਿੰਦਰ ਸਿੰਘ ਪਰਮਾਰ ਅਤੇ ਸੁਰਜਨ ਸਿੰਘ ਗਿੱਲ ਆਦਿ ਦੇ ਘਰਾਂ ਤੋਂ ਪੁਲਸ ਨੇ ਪੁੱਛਗਿਛ ਕੀਤੀ ਹੈ ।

ਪੰਚਾਇਤ ਸੰਮਤੀਆਂ ਤੇ ਪ੍ਰੀਸ਼ਦਾਂ ਦੀ ਮਿਆਦ ਵਧੀ


ਪੰਜਾਬ ਸਰਕਾਰ ਨੇ ਪੰਚਾਇਤ ਸੰਮਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਦੀ ਮੁਅੱਤਲੀ ਦੀ ਮਿਆਦ ਇਕ ਸਾਲ ਹੋਰ ਵਧਾ ਦਿਤੀ ਹੈ ।

ਵਿਲੀਅਮਜ਼ ਲੇਕ ਗੁਰੂ ਘਰ ਨੇ
ਸੰਤ ਲੌਂਗੋਵਾਲ ਦਾ ਸ਼ਹੀਦੀ ਦਿਵਸ ਮਨਾਇਆ

(ਰਿਪੋਰਟ ਅਗਲੇ ਅੰਕ ਵਿਚ)



ਵਿਲੀਅਮਜ਼ਲੇਕ ਦੇ ਐਲਡਰਮੈਨ ਗੁਰਬਖਸ਼ ਸੈਣੀ


ਵੈਨਕੂਵਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਦਿਆਲ ਸਿੰਘ ਜੌਹਲ



ਜਨਰਲ ਸਕੱਤਰ ਜਗਦੇਵ ਸਿੰਘ ਧਾਲੀਵਾਲ



ਗੁਰੂ ਘਰ ਦੇ ਪ੍ਰਧਾਨ ਸ: ਰਾਠੌਰ



ਸ: ਭੁੰਗਰਾਨੀ ਸ਼ਰਧਾਂਜਲੀ ਭੇਂਟ ਕਰਦੇ ਹੋਏ



ਸ: ਰਾਜਿੰਦਰ ਸਿੰਘ ਸਿੰਘ ਪਰਮਾਰ ਸੰਤ ਜੀ ਬਾਰੇ ਬੋਲਦੇ ਹੋਏ

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.

ਸੰਪਾਦਕੀ

ਨਸਲਵਾਦੀ ਅਫਰੀਕਨ ਸਰਕਾਰ ਅਤੇ ਕਾਮਨਵੈਲਥ

ਦੱਖਣੀ ਅਫਰੀਕਾ ਵਿਚ ਨਸਲਵਾਦੀ ਗੋਰੀ ਸਰਕਾਰ ਜਿਸ ਢੰਗ ਨਾਲ ਕਾਲੇ ਲੋਕਾਂ ਉਤੇ ਅਤਿਆਚਾਰ ਕਰ ਰਹੀ ਹੈ, ਉਸ ਦੇ ਸਾਰੇ ਸੰਸਾਰ ਵਿਚ ਹੀ ਬੜਾ ਤਿੱਖਾ ਪ੍ਰਤੀਕਰਮ ਹੋਇਆ ਹੈ। ਨਸਲਵਾਦੀ ਗੋਰੇ ਉਥੇ ਬਹੁਤ ਘੱਟ ਗਿਣਤੀ ਵਿਚ ਹਨ ਅਤੇ ਪਰ ਫਿਰ ਵੀ ਪੱਛਮੀ ਸਾਮਰਾਜੀ ਤਾਕਤਾਂ ਦੇ ਬਲਬੂਤੇ ਉਹ ਬਹੁਗਿਣਤੀ ਕਾਲੇ ਲੋਕਾਂ ਦਾ ਸ਼ਰੇਆਮ ਕਤਲੇਆਮ ਕਰੀ ਜਾ ਰਹੇ ਹਨ। ਅਮਰੀਕਾ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਸੱਤਹੀ ਤੌਰ ਉਤੇ ਤਾਂ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੂੰ ਕੋਸਣ ਦਾ ਭੁਲੇਖਾ ਪਾਉਂਦੀਆਂ ਹਨ ਪਰ ਅਸਲ ਵਿਚ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਸਰੇ ਹੀ ਦੱਖਣੀ ਅਫਰੀਕਾ ਦੀ ਸਰਕਾਰ ਖੜੋਤੀ ਹੈ। ਕਰੋੜਾਂ ਡਾਲਰਾਂ ਦਾ ਵਪਾਰ ਇਹ ਦੋਵੇਂ ਦੇਸ਼ ਉਸ ਸਰਕਾਰ ਨਾਲ ਕਰਦੇ ਹਨ। ਇਸੇ ਕਾਰਨ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਵਿਚ ਵੀ ਮਾਰਗਰੇਟ ਥੈਚਰ ਇਸੇ ਗੱਲ ਉਤੇ ਅੜੀ ਰਹੀ ਕਿ ਜੇਕਰ ਵਪਾਰਕ ਸਬੰਧ ਤੋੜੇ ਗਏ ਤਾਂ ਆਮ ਲੋਕਾਂ ਦਾ ਨੁਕਸਾਨ ਹੋਵੇਗਾ ਜਦਕਿ ਅਸਲੀਅਤ ਇਸਦੇ ਐਨ ਉਲਟ ਹੈ।

ਕਾਮਨਵੈਲਥ ਵਿਚ ਸ਼ਾਮਲ ਅਫਰੀਕਨ ਦੇਸ਼ਾਂ ਅਤੇ ਭਾਰਤ ਦੇ ਬਹੁਤ ਸਾਰੇ ਜ਼ੋਰ ਪਾਓ ਪਾਉਣ ਉਤੇ ਬਰਤਾਨੀਆਂ ਸਰਕਾਰ ਮਾਮੂਲੀ ਰੋਕਾਂ ਲਾਉਣ ਉਤੇ ਸਹਿਮਤ ਹੋਈ ਹੈ। ਇਸ ਲਈ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦਾ ਤਖਤ ਬਚਾਉਣ ਲਈ ਬੇਸ਼ਕ ਪੱਛਮੀ ਤਾਕਤਾਂ ਕਿੰਨੀਆਂ ਵੀ ਸਰਗਰਮ ਕਿਉਂ ਨਾ ਹੋਣ — ਦੱਖਣੀ ਅਫਰੀਕਾ ਦੇ ਬਹੁ ਗਿਣਤੀ ਕਾਲੇ ਲੋਕ ਇਸ ਜ਼ੁਲਮ ਵਿਰੁਧ ਉਠ ਖੜੋਤੇ ਹਨ — ਹਰ ਰੋਜ਼ ਜੋਹੰਸਬਰਗ ਵਰਗੀਅਧਾਂ ਥਾਵਾਂ ਉਤੇ ਹੁੰਦੇ ਮੁਜ਼ਾਹਰੇ ਇਸ ਗੱਲ ਦਾ ਸਬੂਤ ਹਨ ਕਿ ਦੱਖਣੀ ਅਫਰੀਕਾ ਦਾ ਆਵਾਮ ਉਨਾ ਚਿਰ ਸਾਹ ਨਹੀਂ ਲਵੇਗਾ ਜਦ ਤੱਕ ਨਸਲਵਾਦ ਦੀਆਂ ਜ਼ੰਜ਼ੀਰਾਂ ਤੋੜੀਆਂ ਨਹੀਂ ਜਾਂਦੀਆਂ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਸਮੁੱਚੇ ਸੰਸਾਰ ਦੇ ਲੋਕ ਅੱਜ ਕਾਲੇ ਲੋਕਾਂ ਨਾਲ ਖੜ੍ਹੇ ਹਨ ਜਿਨ੍ਹਾਂ ਦੀ ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਲਈ ਲਹਿਰ ਦਿਨੋ ਦਿਨ ਅੱਗੇ ਵਧ ਰਹੀ ਹੈ। ਅਮਰੀਕਾ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਇਸ ਨਸਲਵਾਦੀ ਸਰਕਾਰ ਦੀ ਉਮਰ ਕੁਝ ਵਰ੍ਹੇ ਹੋਰ ਲੰਮੇਰੀ ਜ਼ਰੂਰ ਕਰ ਸਕਦੀਆਂ ਹਨ ਪਰ ਅੰਤ ਜਿੱਤ ਲੋਕਾਂ ਦੀ ਹੋਵੇਗੀ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਟਾਫ ਕੈਨੇਡਾ ਵਲੋਂ ਪ੍ਰੈਸ ਰੀਲੀਜ਼

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਚਰਨਪਾਲ ਗਿੱਲ ਜੋ ਕਿ ਨਸਲਵਾਦ ਵਿਰੋਧੀ ਸੰਘਰਸ਼ ਸੰਮਤੀ ਦੇ ਪ੍ਰਧਾਨ ਹਨ ਉਤੇ 20 ਅਕਤੂਬਰ, 1985 ਨੂੰ ਨੀਉਵੈਸਟ ਗੁਰਦੁਆਰੇ ਵਿਚ ਹੋਏ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਪਿਛਲੇ ਸਮੇਂ ਤੋਂ ਭਾਰਤੀ ਕਮਿਉਨਿਟੀ ਵਿਚ ਹੋ ਰਹੀ ਦਹਿਸ਼ਤਪਸੰਦੀ ਦਾ ਰੁਝਾਨ ਕਾਫੀ ਵੱਧ ਰਿਹਾ ਹੈ। ਇਸ ਰੁਝਾਨ ਨੂੰ ਰੋਕਣ ਦੀ ਮੰਗ ਕਰਦੀ ਹੈ।

ਸਾਊਥ ਅਫਰੀਕਾ

ਵੈਨਕੂਵਰ ਸੱਥ :
(ਸਾਧੂ, ਸੁਖਵੰਤ ਹੁੰਦਲ, ਸਰਵਣ ਬੋਲ, ਮੱਖਣ ਟੁੱਟ)

(ਲੜੀ ਜੋੜਨ ਲਈ ਦੇਖੋ 'ਕੈਨੇਡਾ ਦਰਪਣ' ਦਾ ਪਿਛਲਾ ਅੰਕ)

(ੲ) ਸਿਹਤ ਪ੍ਰਬੰਧ : ਸਾਊਥ ਅਫਰੀਕਾ ਵਿਚ ਚਿੱਟਿਆਂ ਲਈ ਡਾਕਟਰੀ ਸਹੂਲਤਾਂ ਦੁਨੀਆਂ ਦੇ ਬੇਹਤਰੀਨ ਦੇਸ਼ਾਂ ਦੇ ਮੁਕਾਬਲੇ ਦੀਆਂ ਹਨ। ਪਰ ਕਾਲਿਆਂ ਲਈ ਡਾਕਟਰੀ ਸਹੂਲਤਾਂ ਨਾ ਹੋਣ ਦੇ ਬਰਾਬਰ ਹਨ। 1976 ਦੇ ਅੰਕੜਿਆਂ ਮੁਤਾਬਕ 400 ਚਿੱਟਿਆਂ ਮਗਰ ਇਕ ਡਾਕਟਰ ਮੁਹੱਈਆ ਹੈ। ਦੂਜੇ ਪਾਸੇ 44000 ਕਾਲੇ ਲੋਕਾਂ ਮਗਰ ਇਕ ਡਾਕਟਰ ਦਾ ਹੀ ਪ੍ਰਬੰਧ ਹੈ। ਚਿੱਟਿਆਂ ਦੀ ਔਸਤਨ ਉਮਰ ਸੱਤਰ ਸਾਲ ਹੈ ਜਦ ਕਿ ਕਾਲਿਆਂ ਦੀ ਔਸਤਨ ਉਮਰ 57.5 ਸਾਲ ਹੈ। ਛੋਟੇ ਬੱਚਿਆਂ ਵਿਚ ਮੌਤ ਦੀ ਦਰ ਹਜ਼ਾਰ ਪਿਛੇ 27 ਹੈ ਜਦ ਕਿ ਕਾਲਿਆਂ ਵਿਚ ਇਹ ਸ਼ਹਿਰਾਂ ਵਿਚ ਹਜ਼ਾਰ ਪਿਛੇ ਦੋ ਸੌ ਅਤੇ ਪੇਂਡੂ ਇਲਾਕਿਆਂ ਵਿਚ ਹਜ਼ਾਰ ਪਿਛੇ ਚਾਰ ਸੌ ਹੈ। ਇਸ ਦਰ ਤੋਂ ਸਾਫ ਪਤਾ ਲੱਗ ਜਾਂਦਾ ਹੈ ਕਿ ਕਾਲੇ ਲੋਕਾਂ ਦੀ ਜ਼ਿੰਦਗੀ ਕਿੰਨੀ ਦੁਖਾਂ ਭਰੀ ਹੈ।

(ਸ(ਹੋਰ ਬੰਦਸ਼ਾਂ : (1) ਪਿਛਲੇ ਸਾਲ ਤੱਕ ਵੱਖ ਵੱਖ ਨਸਲਾਂ ਦੇ ਲੋਕਾਂ ਵਿਚਕਾਰ ਲਿੰਗ ਸਬੰਧ ਅਤੇ ਵਿਆਹ ਗ਼ੈਰ-ਕਾਨੂੰਨੀ ਸਨ।

(2) ਗੱਡੀਆਂ ਵਿਚ ਚਿੱਟਿਆਂ ਅਤੇ ਕਾਲਿਆਂ ਦੇ ਸਫਰ ਕਰਨ ਲਈ ਵੱਖ ਵੱਖ ਪ੍ਰਬੰਧ ਹਨ।

(3) ਅਪਾਰਥਾਈਡ ਦੀ ਪਾਲਿਸੀ ਕਾਲੇ ਲੋਕਾਂ ਦੇ ਪਰਵਾਰਕ ਜੀਵਨ ਨੂੰ ਬਹੁਤ ਨੁਕਸਾਨ ਪਹੁੰਚਾ ਰਹੀ ਹੈ। ਇਸ ਸਮੇਂ ਕਾਲੇ ਲੋਕਾਂ ਦੀ ਕੁੱਲ ਅਬਾਦੀ ਦਾ ਅੱਧ ਸ਼ਹਿਰਾਂ ਵਿਚ ਰਹਿ ਰਿਹਾ ਹੈ। ਕਿਉਂਕਿ ਸ਼ਹਿਰਾਂ ਵਿਚ ਰਹਿਣ ਲਈ ਲੋਕਾਂ ਨੂੰ ਪਾਸ ਲੈਣ ਦੀ ਜ਼ਰੂਰਤ ਹੁੰਦੀ ਹੈ, ਇਸ ਕਰਕੇ ਸ਼ਹਿਰਾਂ ਵਿਚ ਰਹਿ ਰਹੇ ਕਾਲੇ ਲੋਕਾਂ ਨੂੰ ਆਪਣੇ ਪਰਵਾਰਾਂ ਨਾਲੋਂ ਵੱਖਰੇ ਤੌਰ 'ਤੇ ਰਹਿਣਾ ਪੈਂਦਾ ਹੈ, ਕਿਉਂਕਿ ਉਨ੍ਹਾਂ ਦੇ ਪਰਵਾਰ ਹੋਮਲੈਂਡਜ਼ ਵਿਚ ਰਹਿੰਦੇ ਹਨ। ਅਪਾਰਥਾਈਡ ਦੇ ਕਾਨੂੰਨ ਮੁਤਾਬਕ ਕੋਈ ਵੀ ਕਾਲਾ ਆਦਮੀ ਸ਼ਹਿਰੀ ਇਲਾਕੇ ਵਿਚ 72 ਘੰਟੇ ਤੋਂ ਵੱਧ ਨਹੀਂ ਰਹਿ ਸਕਦਾ, ਜੇ ਉਸ ਕੋਲ ਉਥੇ ਕੰਮ ਕਰਨ ਦੀ ਇਜਾਜ਼ਤ ਹੋਵੇ।

(ਹ) ਲਿਖਣ ਬੋਲਣ ਦੀ ਆਜ਼ਾਦੀ : ਅਪਾਰਥਾਈਡ ਦੇ ਖਿਲਾਫ ਬੋਲਣ ਜਾਂ ਲਿਖਣ ਵਾਲਿਆਂ ਨੂੰ ਸਰਕਾਰ ਕਰੜੇ ਹੱਥੀਂ ਲੈਂਦੀ ਹੈ। ਉਨ੍ਹਾਂ ਰਿਪੋਰਟਰਾਂ ਨੂੰ ਜਿਹੜੇ ਅਪਾਰਥਾਈਡ ਵਿਰੁੱਧ ਬੋਲਦੇ ਹਨ, ਉਨ੍ਹਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਤੰਗ ਕੀਤਾ ਜਾਂਦਾ ਹੈ। ਧਮਕੀਆਂ, ਗ੍ਰਿਫਤਾਰੀਆਂ ਦਾ ਡਰ ਉਨ੍ਹਾਂ ਉਪਰ ਸਦਾ ਮੰਡਲਾਉਂਦਾ ਰਹਿੰਦਾ ਹੈ। ਜ਼ਿਆਦਾ ਅਖਬਾਰਾਂ ਚਿੱਟੇ ਲੋਕਾਂ ਦੇ ਕੰਟਰੋਲ ਹੇਠਾਂ ਹਨ। 19 ਅਕਤੂਬਰ 1977 ਨੂੰ 'ਦਾ ਵਰਲਡ' (ਕਾਲੇ ਲੋਕਾਂ ਵੱਲੋਂ ਕੱਢੇ ਜਾਂਦੇ ਅਖਬਾਰ) ਦੇ ਛਪਣ ਦੀ ਮਨਾਹੀ ਕਰ ਦਿਤੀ ਗਈ। ਉਨ੍ਹਾਂ ਵਿਅਕਤੀਆਂ ਨੂੰ ਜਿਹੜੇ ਇਸ ਸਿਸਟਮ ਦਾ ਵਿਰੋਧ ਕਰਦੇ ਹਨ, ਬੈਨ ਕਰ ਦਿਤਾ ਜਾਂਦਾ ਹੈ। ਜਿਹੜਾ ਵਿਅਕਤੀ ਬੈਨ ਕੀਤਾ ਹੋਵੇ, ਉਹ ਕੁੱਝ ਵੀ ਲਿਖ ਕੇ ਪ੍ਰਕਾਸ਼ਤ ਨਹੀਂ ਕਰ ਸਕਦਾ, ਉਹ ਪਬਲਿਕ ਵਿਚ ਬੋਲ ਨਹੀਂ ਸਕਦਾ, ਕਿਸੇ ਵੀ ਸਮੇਂ ਇਕ ਵਿਅਕਤੀ ਤੋਂ ਜ਼ਿਆਦਾ ਲੋਕਾਂ ਨਾਲ ਮਿਲ ਨਹੀਂ ਸਕਦਾ। ਜੇ ਕੋਈ ਰਿਪੋਰਟਰ ਬੈਨ ਕੀਤੇ ਵਿਅਕਤੀ ਦਾ ਕਿਸੇ ਖਬਰ ਜਾਂ ਲਿਖਤ ਵਿਚ ਹਵਾਲਾ ਦੇ ਦੇਵੇ ਤਾਂ ਉਸ ਰਿਪੋਰਟਰ ਉਪਰ ਮੁਕੱਦਮਾ ਚੱਲ ਸਕਦਾ ਹੈ।

(ਕ) ਹੋਮਲੈਂਡਜ਼ ਜਾਂ ਬੰਤੂਸਤਾਨ : ਜਿਵੇਂ ਅਸੀਂ ਪਹਿਲਾਂ ਹੀ ਦੱਸਿਆ ਹੈ ਕਿ ਜਦੋਂ ਚਿੱਟੇ ਲੋਕ ਸਾਊਥ ਅਫਰੀਕਾ ਵਿਚ ਆਏ ਤਾਂ ਉਨ੍ਹਾਂ ਨੇ ਕਾਲੇ ਲੋਕਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਨੂੰ ਰਿਜ਼ਰਵਾਂ ਵਿਚ ਧੱਕ ਦਿਤਾ। ਇਨ੍ਹਾਂ ਰੀਜ਼ਰਵਾਂ ਨੂੰ ਪਹਿਲਾਂ ਬੰਤੂਸਤਾਨ ਅਤੇ ਹੁਣ ਹੋਮਲੈਂਡਜ਼ ਦਾ ਨਾ ਦਿਤਾ ਗਿਆ। ਇਸ ਸਮੇਂ ਕਾਲੇ ਲੋਕਾਂ ਨੂੰ ਦਸ ਕਬੀਲਿਆਂ ਵਿਚ ਵੰਡ ਕੇ ਦਸ ਹੋਮਲੈਂਡਜ਼ ਬਣਾਈਆਂ ਗਈਆਂ ਹਨ। ਇਸ ਪ੍ਰਬੰਧ ਨੂੰ ਲਾਗੂ ਕਰਨ ਲਈ ਪਹਿਲਾਂ ਕਾਨੂੰਨ 1913 ਵਿਚ ਪਾਸ ਕੀਤਾ ਗਿਆ। ਉਸ ਕਾਨੂੰਨ ਮੁਤਾਬਕ ਉਸ ਸਮੇਂ ਦੀਆਂ ਰੀਜ਼ਰਵਾਂ ਵਿਚ ਕੋਈ ਵੀ ਚਿੱਟਾ ਵਿਅਕਤੀ ਜ਼ਮੀਨ ਉਪਰ ਕਬਜ਼ਾ ਨਹੀਂ ਕਰ ਸਕਦਾ। ਇਸ ਤੋਂ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਕਾਨੂੰਨ ਚਿੱਟਿਆਂ ਨੇ ਕਾਲੇ ਲੋਕਾਂ ਦੀ ਭਲਾਈ ਲਈ ਪਾਸ ਕੀਤਾ। ਪਰ ਇਸ ਕਾਨੂੰਨ ਦੇ ਦੂਜੇ ਹਿੱਸੇ ਨੂੰ ਦੇਖਿਆਂ ਇਹ ਵਹਿਮ ਖਤਮ ਹੋ ਜਾਂਦਾ ਹੈ। ਇਸਦੇ ਦੂਜੇ ਹਿੱਸੇ ਮੁਤਾਬਿਕ ਕਾਲੇ ਲੋਕ ਉਨ੍ਹਾਂ ਰਿਜ਼ਰਵਾਂ ਤੋਂ ਬਾਹਰ ਨਹੀਂ ਸੀ ਜਾ ਸਕਦੇ ਬੇਸ਼ਰਤੇ ਕਿ ਉਹ ਚਿੱਟੇ ਲੋਕਾਂ ਦਾ ਨੌਕਰ ਹੋਵੇ। ਤੇ ਉਸ ਸਮੇਂ ਇਨ੍ਹਾਂ ਰੀਜ਼ਰਵਾਂ ਦਾ ਕੁੱਲ ਰਕਬਾ ਸਾਊਥ ਅਫਰੀਕਾ ਦੇ ਕੁੱਲ ਰਕਬੇ ਦਾ 7.3 ਪ੍ਰਤੀਸ਼ਤ ਸੀ ਜਦ ਕਿ ਕਾਲੇ ਲੋਕਾਂ ਦੀ ਅਬਾਦੀ ਕੁੱਲ ਅਬਾਦੀ ਦਾ 67 ਪ੍ਰਤੀਸ਼ਤ ਸੀ ਤੇ ਫਿਰ ਸੰਨ 1948 ਵਿਚ ਜਦੋ ਅਪਾਰਥਾਈਡ ਪ੍ਰਬੰਧ ਵਿਉਂਤਬੰਦ ਢੰਗ ਨਾਲ ਹੋਂਦ ਵਿਚ ਲਿਆਂਦਾ ਤਾਂ ਦਸਾਂ ਕਬੀਲਿਆਂ ਦੇ ਆਧਾਰ 'ਤੇ ਦਸ ਹੋਮਲੈਂਡਜ਼ ਬਣਾ ਦਿੱਤੀਆਂ ਗਈਆਂ। ਕਾਲੇ ਲੋਕਾਂ ਨੂੰ ਇਨ੍ਹਾਂ ਹੋਮਲੈਂਡਜ਼ ਦੇ ਸਿਟੀਜ਼ਨ ਬਣਾ ਦਿਤਾ ਗਿਆ, ਸਾਰੇ ਸਾਊਥ ਅਫਰੀਕਾ ਦੇ ਨਹੀਂ। ਇਸ ਤਰ੍ਹਾਂ ਕਰਨ ਲੱਗਿਆਂ ਚਿੱਟੀ ਸਰਕਾਰ ਦਾ ਸਪਸ਼ਟੀਕਰਨ ਇਹ ਸੀ ਕਿ ਇਹ ਪ੍ਰਬੰਧ ਹਰ ਇਕ ਗਰੁਪ ਦੀ ਸਿਆਸੀ, ਸਮਾਜਿਕ ਅਤੇ ਆਰਥਿਕ ਜ਼ਿੰਦਗੀ ਲਈ ਵਧੀਆ ਅਤੇ ਠੋਸ ਭਵਿਖ ਲਿਆਵੇਗਾ। ਪਰ ਇਸ ਪਿਛਲੇ ਅਸਲੀ ਕਾਰਨ ਘੱਟ ਗਿਣਤੀ ਚਿੱਟਿਆਂ ਦੀ ਸਰਦਾਰੀ ਕਾਇਮ ਰੱਖਣਾ ਸੀ। ਕਿਉਂਕਿ ਇਨ੍ਹਾਂ ਹੋਮਲੈਂਡਜ਼(ਜਿਨ੍ਹਾ ਵਿਚ ਕਾਲੇ ਲੋਕ ਰਹਿੰਦੇ ਹਨ) ਦਾ ਕੁੱਲ ਰਕਬਾ ਸਾਰੇ ਸਾਊਥ ਅਫਰੀਕਾ ਦੇ ਰਕਬੇ ਦਾ 13 ਪ੍ਰਤੀਸ਼ਤ ਹੈ, ਜਦ ਕਿ ਉਨ੍ਹਾਂ ਦੀ ਅਬਾਦੀ ਦਾ 73 ਪ੍ਰਤੀਸ਼ਤ ਹੈ। ਸਾਊਥ ਅਫਰੀਕਾ ਦੀ ਬਾਕੀ 87 ਪ੍ਰਤੀਸ਼ਤ ਲੈਂਡ ਜਿਸਨੂੰ 'ਕਾਮਨਏਰੀਆ'(Common area) ਦਾ ਨਾਂ ਦਿੱਤਾ ਗਿਆ ਹੈ, ਚਿੱਟੇ ਲੋਕਾਂ ਅਤੇ ਭਾਰਤੀ ਮੁੱਢ ਅਤੇ ਰੰਗਦਾਰ ਲੋਕਾਂ ਦੇ ਲਈ ਰਾਖਵਾ ਹੈ। ਦੂਸਰਾ ਕਾਰਨ ਇਹ ਵੀ ਹੈ ਕਿ ਕਿਸੇ ਦਿਨ ਜਦੋਂ ਕਾਲੇ ਲੋਕਾਂ ਦੀ ਆਜ਼ਾਦੀ ਦੀ ਲੜਾਈ ਜ਼ੋਰ ਫੜ ਗਈ ਤਾਂ ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕਿਹਾ ਜਾ ਸਕਦਾ ਹੈ ਕਿ ਕਾਲੇ ਲੋਕ ਸਾਊਥ ਅਫਰੀਕਾ ਦੇ ਸਿਟੀਜ਼ਨ ਨਹੀਂ ਸਗੋਂ ਆਪਣੀਆਂ ਆਪਣੀਆਂ ਹੋਮਲੈਂਡਜ਼ ਦੇ ਨਾਗਰਿਕ ਹਨ। ਇਸੇ ਪਰਸੰਗ ਵਿਚ ਸੰਨ 1977 ਵਿਚ ਚਿੱਟੀ ਸਰਕਾਰ ਨੇ ਇਨ੍ਹਾਂ ਹੋਮਲੈਂਡਜ਼ ਨੂੰ ਆਜ਼ਾਦ ਕਰਨ ਲਈ ਤਜਵੀਜ਼ ਰਖੀ ਸੀ ਤਾਂ ਇਨ੍ਹਾਂ ਵਿਚੋਂ ਅੱਠ ਹੋਮਲੈਂਡਜ਼ ਦੇ ਲੀਡਰਾਂ ਨੇ ਇਸ ਦਾ ਵਿਰੋਧ ਕੀਤਾ ਸੀ, ਕਿਉਂਕਿ ਉਨ੍ਹਾਂ ਅਨੁਸਾਰ ਇਹ ਆਜ਼ਾਦੀ ਉਹਨਾਂ ਤੋਂ ਸਾਊਥ ਅਫਰੀਕਾ ਦੇ ਨਾਗਰਿਕ ਹੋਣ ਦਾ ਅਧਿਕਾਰ ਖੋਂਹਦੀ ਹੈ ਅਤੇ ਜਿਹੜੀ ਦੌਲਤ ਸਾਊਥ ਅਫਰੀਕਨ ਰੀਪਬਲਕ ਲਈ ਆਪਣੀ ਮਿਹਨਤ ਨਾਲ ਪੈਦਾ ਕੀਤੀ ਹੈ, ਉਸ ਤੋਂ ਉਨ੍ਹਾਂ ਨੂੰ ਵੰਚਿਤ ਕਰਦੀ ਹੈ। ਸਾਊਥ ਅਫਰੀਕਾ ਬਾਰੇ ਲਿਉ ਮਾਰਕੁਆਰਡ (LEO MARQUARD) ਅਨੁਸਾਰ ਇਹ ਹੋਮਲੈਂਡਜ਼ "ਭੁੱਖਮਰੀ ਦਾ ਸ਼ਿਕਾਰ, ਸਮੇਂ ਸਮੇਂ 'ਚ ਆਉਂਦੇ ਸਾਊਥ ਅਫਰੀਕਾ 'ਚ ਹੜ੍ਹਾਂ ਅਤੇ ਸੋਕਿਆਂ ਨੂੰ ਨਾ ਜਰ ਸਕਣ ਅਤੇ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਨਾ ਕਰ ਸਕਣ ਵਾਲੇ ਇਲਾਕੇ ਹਨ।"

ਸਰਕਾਰੀ ਪ੍ਰਾਪੇਗੰਡਾ : ਇਸ ਤਰ੍ਹਾਂ ਆਪਾਂ ਦੇਖਿਆ ਹੈ ਕਿ ਅਪਾਰਥਾਈਡ ਦੇ ਪ੍ਰਬੰਧ ਹੇਠਾਂ ਸਾਊਥ ਅਫਰੀਕਾ ਦੇ ਬਹੁ-ਗਿਣਤੀ ਕਾਲੇ ਲੋਕ ਕਿਸ ਤਰ੍ਹਾਂ ਗੁਲਾਮਾਂ ਵਾਲਾ ਅਤੇ ਅਣਮਨੁੱਖੀ ਜੀਵਨ ਬਤੀਤ ਕਰਦੇ ਹਨ। ਜਿਵੇਂ ਜਿਵੇਂ ਦੁਨੀਆਂ ਦੇ ਦੂਸਰੇ ਹਿੱਸਿਆਂ ਵਿਚ ਰਹਿੰਦੇ ਲੋਕਾਂ ਨੂੰ ਇਸ ਬਾਰੇ ਪਤਾ ਲੱਗਦਾ ਗਿਆ, ਤਿਵੇਂ ਤਿਵੇਂ ਬਾਹਰੋਂ ਇਸ ਪ੍ਰਬੰਧ ਵਿਰੁਧ ਨਿਖੇਧੀ ਦੀਆਂ ਆਵਾਜ਼ਾਂ ਉਠਣ ਲੱਗੀਆਂ। ਇਸ ਆਲੋਚਨਾਂ ਦੇ ਸੁਰ ਨੂੰ ਧੀਮਾ ਕਰਨ ਲਈ ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਚੰਗੇ ਪੈਸੇ ਖਰਚ ਕੇ ਇਕ ਪਰਚਾਰ ਮੁਹਿੰਮ ਚਲਾਈ ਗਈ ਹੈ। ਬਾਹਰਲੇ ਦੇਸ਼ਾਂ ਵਿਚ ਆਪਣੀਆਂ ਐਮਬੈਸੀਆਂ ਰਾਹੀਂ ਸਾਊਥ ਅਫਰੀਕਾ ਦੇ ਜਾਣਕਾਰੀ ਵਿਭਾਗ ਰਾਹੀਂ ਅਤੇ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਸਾਊਥ ਅਫਰੀਕਨ ਫਾਊਂਡੇਸ਼ਨ ਅਤੇ ਕਮੇਟੀ ਫਾਰ ਫੇਅਰਨੈਸ ਇਨ ਸਪੋਰਟ (Committere for Fairness in Support) ਵੱਲੋਂ ਅਪਾਰਥਾਈਡ ਦੇ ਹੱਕ ਵਿਚ ਧੜਾ ਧੜ ਸਾਹਿਤ ਵੰਡਿਆ ਜਾ ਰਿਹਾ ਹੈ। ਯੂਰਪ ਅਤੇ ਅਮਰੀਕਾ ਦੇ ਪ੍ਰਮੁਖ ਅਖਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਦਿਤੇ ਜਾਂਦੇ ਹਨ। ਬਾਹਰਲੇ ਦੇਸ਼ਾਂ ਦੀਆਂ ਵੱਡੀਆਂ ਵੱਡੀਆਂ ਹਸਤੀਆਂ ਨੂੰ ਸਾਊਥ ਅਫਰੀਕਾ ਦੇ ਸਰਕਾਰ ਵੱਲੋਂ ਮਹਿਮਾਨ ਦੇ ਤੌਰ 'ਤੇ ਆਪਣੇ ਦੇਸ਼ ਦੀ ਸੈਰ ਲਈ ਸੱਦਾ ਪੱਤਰ ਦਿਤਾ ਜਾਂਦਾ ਹੈ। ਇਸ ਸੈਰ ਦਾ ਸਾਰਾ ਖਰਚ ਸਰਕਾਰ ਆਪਣੇ ਵੱਲੋਂ ਕਰਦੀ ਹੈ। ਅਤੇ ਇਹ "ਪਤਵੰਤੇ ਪਰਾਹੁਣੇ" ਜਦੋਂ ਸੈਰ ਕਰਕੇ ਵਾਪਸ ਪਰਤਦੇ ਹਨ ਤਾਂ ਸਾਊਥ ਅਫਰੀਕਾ ਦੀ ਸਰਕਾਰ ਤੇ ਹੱਕ ਵਿਚ ਬਿਆਨ ਦਾਗਦੇ ਹਨ। ਪਿਛਲੇ ਚਾਰ ਸਾਲਾਂ ਵਿਚ ਕੈਨੇਡਾ ਦੀ ਟੋਰੀ ਪਾਰਟੀ (P.C.) ਦੇ ਦੋ ਮੈਂਬਰ ਪਾਰਲੀਮੈਂਟ (M.P.), ਵਿਨੀਪੈਗ ਤੋਂ ਡੈਨ ਮਕੈਨਜ਼ੀ ਅਤੇ ਕਿੰਗਸਟਨ ਏਰੀਏ ਤੋਂ ਵਿਲੀਅਮ ਵੈਨਕੋਰਨਟ ਨੇ ਸਾਊਥ ਅਫਰੀਕਾ ਦੀ ਸਰਕਾਰ ਦੇ ਖਰਚੇ 'ਤੇ ਉਥੋਂ ਦੀ ਸੈਰ ਕੀਤੀ ਹੈ ਅਤੇ ਵਾਪਸ ਪਰਤਕੇ ਉਥੋਂ ਬਾਰੇ ਉਤਸ਼ਾਹ ਜਨਕ ਰੀਪੋਰਟਾਂ ਦਿੱਤੀਆਂ ਹਨ। ਇਸ ਸਰਕਾਰੀ ਪ੍ਰਚਾਰ ਲਈ ਸਾਊਥ ਅਫਰੀਕਾ ਦੇ ਜਾਣਕਾਰੀ ਵਿਭਾਗ ਦਾ ਬੱਜਟ ਸੰਨ 1948 ਵਿਚ ਇਕ ਲੱਖ ਚਾਲੀ ਹਜ਼ਾਰ ਡਾਲਰ ਸੀ, ਸੰਨ 1969 ਵਿਚ ਇਹ ਵਧ ਕੇ ਪੰਜਾਹ ਲੱਖ ਹੋ ਗਿਆ ਅਤੇ ਸੰਨ 1976-77 ਦੇ ਸਾਲ ਦੌਰਾਨ ਇਹ ਬੱਜਟ ਇਕ ਕਰੋੜ ਪੰਜਾਹ ਲੱਖ ਨਾਲੋਂ ਵੀ ਵੱਧ ਸੀ।

ਅਪਾਰਥਾਈਡ ਵਿਰੁੱਧ ਘੋਲ : ਇਸ ਤਰ੍ਹਾਂ ਦੀਆਂ ਹਾਲਤਾਂ ਨੂੰ ਕਾਲੇ ਲੋਕਾਂ ਨੇ ਚੁੱਪਚਾਪ ਨਹੀਂ ਸਹਿਆ। ਇਸ ਅਣਮਨੁੱਖੀ ਜ਼ੁਲਮ ਅਤੇ ਜ਼ਬਰ ਵਿਰੁੱਧ ਸਮੇਂ ਸਮੇਂ ਲਹਿਰਾਂ ਉਠਦੀਆਂ ਹੀ ਰਹੀਆਂ ਹਨ। ਸੰਨ 1912 ਵਿਚ "ਅਫਰੀਕਨ ਨੈਸ਼ਨਲ ਕਾਂਗਰਸ" ਸਥਾਪਤ ਕੀਤੀ ਗਈ। ਸੰਨ 1950 ਵਿਚ ਜਦੋਂ ਚਿੱਟੀ ਸਰਕਾਰ ਨੇ ਅਪਾਰਥਾਈਡ ਪ੍ਰਬੰਧ ਹੇਠ ਕਾਲੇ ਲੋਕਾਂ ਲਈ ਵੱਖ ਵਿਦਿਅਕ ਪ੍ਰਣਾਲੀ ਦਾ ਆਰੰਭ ਕੀਤਾ ਤਾਂ ਕਾਲੇ ਲੋਕਾਂ ਵੱਲੋਂ ਇਸਦਾ ਵੱਡਾ ਵਿਰੋਧ ਕੀਤਾ ਥਾਂ ਥਾਂ ਜਲੂਸ ਕੱਢੇ ਗਏ ਮੁਜ਼ਾਹਰੇ ਕੀਤੇ ਗਏ। ਫੇਰ 1960 ਵਿਚ 'ਪਾਸ ਲਾਅ' ਦੇ ਵਿਰੋਧ ਵਿਚ ਇਕ ਬਹੁਤ ਵੱਡੀ ਲਹਿਰ ਉਠੀ। ਇਹ ਲਹਿਰ ਏਨਾ ਜ਼ੋਰ ਫੜ ਗਈ ਕਿ ਸਰਕਾਰ ਨੂੰ ਇਸਨੂੰ ਦਬਾਉਣ ਲਈ ਐਮਰਜੈਂਸੀ ਲਾਉਣੀ ਪਈ। ਇਸ ਲਹਿਰ ਸਮੇਂ ਸ਼ਾਰਪਵਿਲ ਵਿਖੇ ਇਕ ਮੁਜ਼ਾਹਰੇ ਦੌਰਾਨ ਪੁਲੀਸ ਨੇ ਲੋਕਾਂ ਉਪਰ ਗੋਲੀ ਚਲਾ ਦਿਤੀ ਜਿਸ ਕਾਰਨ 69 ਲੋਕ ਮਾਰੇ ਗਏ।

(ਬਾਕੀ ਪੰਨਾ 15 ਤੇ)

ਪੰਜਾਬ ਦੀਆਂ ਘਟਨਾਵਾਂ ਬਾਰੇ ਇਕ ਹੋਰ ਰਿਪੋਰਟ ਜਾਰੀ

ਅੰਮ੍ਰਿਤਸਰ — ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਸਾਲ 1982 ਤੋਂ ਪਿਛੋਂ ਰਾਜ ਵਿਚ ਵਾਪਰੀਆਂ ਘਟਨਾਵਾਂ ਬਾਰੇ ਤੱਥਾਂ ਉਤੇ ਅਧਾਰਿਤ ਵੇਰਵੇ ਸਹਿਤ ਇਕ ਰਿਪਰਟ ਜਾਰੀ ਕੀਤੀ ਹੈ, ਜਿਸ ਦਾ ਉਦੇਸ਼ ਜਮਹੂਰੀ ਅਧਿਕਾਰਾਂ ਸਬੰਧੀ 'ਲੋਕ ਚੇਤਨਾ ਨੂੰ ਤਿੱਖਾ ਕਰਨਾ' ਅਤੇ ਕਿਸੇ ਵੀ ਰਾਜਸੀ ਪਾਰਟੀ ਦੇ ਪਿਛਲੱਗ ਬਣੇ ਬਿਨਾਂ ਜਮਹੂਰੀ ਹੱਕਾਂ ਉਤੇ ਹੋ ਰਹੇ ਸਿੱਧੇ ਜਾਂ ਅਸਿੱਧੇ ਹਮਲਿਆਂ ਵਿਰੁਧ ਸੰਗਰਾਮ ਕਰਨਾ ਹੈ। ਜਥੇਬੰਦੀ ਦੀਆਂ ਜ਼ਿਲਾ ਇਕਾਈਆਂ ਵਲੋਂ ਮੌਕੇ ਉਤੇ ਜਾ ਕੇ ਇਕੱਠੀ ਕੀਤੀ ਇਹ ਅਹਿਮ ਰਿਪੋਰਟ 48 ਸਫਿਆਂ ਵਿਚ ਫੈਲੀ ਹੋਈ ਹੈ ਅਤੇ ਇਹ ਜਮਹੂਰੀ ਅਧਿਕਾਰ ਸਭਾ ਦੀ ਇਥੇ ਹੋਈ ਚੌਥੀ ਕਾਨਫਰੰਸ ਦੌਰਾਨ ਜਾਰੀ ਕੀਤੀ ਗਈ। ਕਾਨਫਰੰਸ ਵਿਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਤੋਂ 150 ਤੋਂ ਉਪਰ ਡੈਲੀਗੇਟ ਤੇ ਦਰਸ਼ਕ ਸ਼ਾਮਲ ਹੋਏ। ਇਸ਼ ਦਾ ਵਰਨਣਯੋਗ ਪਹਿਲੂ ਇਹ ਸੀ ਕਿ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਅਤੇ ਦਿੱਲੀ ਵਿਚ ਜਮਹੂਰੀ ਹੱਕਾਂ ਲਈ ਲੜ ਰਹੀਆਂ ਜਥੇਬੰਦੀਆਂ ਦੇ ਡੈਲੀਗੇਟਾਂ ਨੇ ਵੀ ਬਹਿਸ ਵਿਚ ਵਿਸ਼ੇਸ਼ ਹਿਸਾ ਲਿਆ।

ਰਿਪਰਟ ਜਾਰੀ ਕਰਨ ਤੋਂ ਇਲਾਵਾ ਕਾਨਫਰੰਸ ਨੇ ਪਿਛਲੇ ਦੋ ਸਾਲਾਂ ਦੀ ਰੀਵੀਊ ਰਿਪੋਰਟ ਉਤੇ ਵੀ ਨਿਠ ਕੇ ਬਹਿਸ ਕੀਤੀ। ਇਹ ਬਹਿਸ 12 ਅਕਤੂਬਰ ਨੂੰ ਰਾਤ ਸੱਤ ਵਜੇ ਤੋਂ ਸ਼ੁਰੂ ਹੋ ਕੇ ਅਗਲੇ ਦਿਨ ਸਵੇਰ ਸਾਢੇ ਪੰਜ ਵਜੇ ਤੱਕ ਲਗਾਤਾਰ ਚਲਦੀ ਰਹੀ।

ਸਭਾ ਦੇ ਜਨਰਲ ਸਕੱਤਰ ਪ੍ਰੋ: ਜਗਮੋਹਨ ਸਿੰਘ ਨਹੇ, ਜੋ ਸ਼ਹੀਦ ਭਗਤ ਸਿੰਘ ਦੇ ਭਾਣਜੇ ਵੀ ਹਨ, "ਪੰਜਾਬੀ ਟ੍ਰਿਬਿਊਨ" ਨੂੰ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਪਿਛਨੇ ਸੱਤ ਸਾਲਾਂ ਤੋਂ "ਅਨੇਕ ਰੁਕਾਵਟਾਂ ਤੇ ਸੀਮਤ ਹੱਦਾਂ ਦੇ ਬਾਵਜੂਦ" ਜਮਹੂਰੀ ਹੱਕਾਂ 'ਤੇ ਪਹਿਰਾ ਦਿੰਦੀ ਚਲੀ ਆ ਰਹੀ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਸਾਡੀ ਜਥੇਬੰਦੀ ਜਮਹੂਰੀ ਹੱਕਾਂ ਲਈ ਲੜ ਰਹੀਆਂ ਰਾਜਸੀ ਪਹਰਟੀਆਂ ਦੀ ਹਮਾਇਤ ਤਾਂ ਕਰ ਸਕਦੀ ਹੈ ਅਤੇ ਲੋਕਾਂ ਨੂੰ ਆਪਣੇ ਹੱਕਾਂ ਤੋਂ ਸੁਚੇਤ ਕਰ ਸਕਦੀ ਹੈ ਪਰ ਕਿਸੇ ਰਾਜਸੀ ਪਾਰਟੀ ਦਾ ਬਦਲ ਨਹੀਂ ਬਣ ਸਕਦੀ।

ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਜਮਹੂਰੀ ਅਧਿਕਾਰ ਸਭਾ ਨੇ ਦਿੱਲੀ ਦੇ ਦੰਗਿਆਂ ਬਾਂਰੇ ਪੀ. ਯੂ. ਸੀ. ਐਨ. ਅਤੇ ਪੀ. ਯੂ. ਡੀ. ਆਰ. ਵਲੋਂ ਤਿਆਰ ਕੀਤੀ ਰਿਪੋਰਟ "ਹੂ ਆਰ ਗਿਲਟੀ" ਦਾ ਪੰਜਾਬੀ ਵਿਚ ਤਰਜਮਾ ਕਰਕੇ ਵੱਡੀ ਪੱਧਰ 'ਤੇ ਵੰਡਿਆ ਸੀ। ਇਸੇ ਤਰ੍ਹਾਂ ਭੋਪਾਲ ਗੈਸ ਕਾਂਡ ਦੇ ਕਾਰਨਾਂ ਤੋਂ ਵੀ ਜਥੇਬੰਦੀ ਨੇ ਲੋਕਾਂ ਨੂੰ ਜਾਣੂ ਕਰਾਇਆ। ਜਥੇਬੰਦੀ ਦੀ ਮੈਂਬਰਸ਼ਿਪ ਦੋ ਹਜ਼ਾਰ ਤੋਂ ਵੀ ਉਪਰ ਦੱਸੀ ਜਾਂਦੀ ਹੈ।

ਕਾਨਫਰੰਸ ਵਿਚ ਇਹ ਵਿਚਾਰ ਪ੍ਰਗਟ ਕੀਤਾ ਗਿਆ ਕਿ ਆਉਣ ਵਾਲੇ ਦਿਨ ਜਮਹੂਰੀ ਹ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਦੇ ਇਮਤਿਹਾਨ ਦੇ ਦਿਨ ਹੋਣਗੇ। ਇਸ ਲਈ ਜਮਹੂਰੀ ਹੱਕਾਂ ਦੀ ਲਹਿਰ ਨੂੰ ਵਿਆਪਕ ਪੱਧਰ 'ਤੇ ਛੇੜਨ ਦੀ ਇਤਿਹਾਸਕ ਜ਼ਿੰਮੇਵਾਰੀ ਵੀ ਇਨ੍ਹਾਂ ਜਥੇਬੰਦੀਆਂ ਨੂੰ ਹੀ ਨਿਭਾਉਣੀ ਪਵੇਗੀ।

ਆਂਧਰਾ ਪ੍ਰਦੇਸ਼ ਦੇ ਡੈਲੀਗੇਟ ਨੇ ਆਂਧਰਾ ਵਿਚ ਐਨ. ਟੀ. ਰਾਮਾਰਾਓ ਦੀ ਸਰਕਾਰ ਹੱਥੋਂ ਨਕਸਲੀਆਂ ਉਤੇ ਕੀਤੇ ਜਾ ਰਹੇ ਤਸ਼ੱਦਦ ਬਾਰੇ ਇਕ ਵਿਸਥਾਰ ਰਿਪਰਟ ਪੇਸ਼ ਕੀਤੀ।

ਦ ਰੋਜ਼ਾ ਕਾਨਫਰੰਸ ਜਮਹੂਰੀ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਏ. ਪੀ. ਐਲ. ਸੀ. ਦੇ ਮੀਤੀ ਪ੍ਰਧਾਨ ਅਤੇ ਹਰਮਨ ਪਿਆਰੇ ਡਾਕਟਰ ਰਾਮਾਨਾਥਨ ਨੂੰ ਸਮਰਪਿਤ ਕੀਤੀ ਗਈ ਜਿਨ੍ਹਾਂ ਨੂੰ ਪਿਛਲੇ ਮਹੀਨੇ ਪੁਲਸ ਨੇ ਉਨ੍ਹਾਂ ਦੇ ਕਲੀਨਿਕ ਵਿਚ ਹੀ ਮਾਰ ਦਿਤਾ ਸੀ।

ਕਾਨਫਰੰਸ ਵਿਚ ਜਿਨ੍ਹਾਂ ਮਹੱਤਵਪੂਰਨ ਵਿਅਕਤੀਆਂ ਨੇ ਭਾਗ ਲਿਆ ਉਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ ਦੇ ਸੁਰੀਤ ਲੀ, ਸੁੱਚਾ ਸਿੰਘ ਗਿੱਲ, ਦਰਸ਼ਨ ਸ਼ਰਮਾ, ਜਗਮੋਹਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਬਿੰਦਰਜੀਤ ਿ ਸਾਗਰ, ਸ਼ਹਰਯਾਰ, ਅਮਰਜੀਤ ਸਿੰਘ, ਜਸਵੰਤ ਸਿੰਘ ਕੰਵਲ, ਫਰੀਦਕੋਟ ਦੇ ਜੀਵਨ ਜੋਤ ਕੌਰ ਅਤੇ ਗੁਰਦਾਸਪੁਰ ਤੋਂ ਪ੍ਰਿੰਸੀਪਲ ਸੁਜਾਨ ਸਿੰਘ ਸ਼ਾਂਮਲ ਸ ਹਨ। ਬਾਹਰਲੇ ਰਾਜਾਂ ਤੋਂ ਆਏ ਡੈਲੀਗੇਟਾਂ ਵਿਚ ਏ. ਆਈ. ਐਫ. ਓ. ਐਫ. ਡੀ. ਆਰ. ਦੀ ਕਨਵੀਨਰ ਡਾਕਟਰ ਰਜਨੀ ਡਿਸਾਈ ਵੀ ਸ਼ਾਂਮਲ ਹੋਈ।

ਕਾਨਫਰੰਸ ਨੇ ਸੱਤ ਮਤੇ ਪਾਸ ਕੀਤੇ ਜਿਨ੍ਹਾਂ ਵਿਚ ਭਗੌੜੇ ਸਿੱਖ ਫ ਫੌਜੀਆਂ ਦੀ ਨੌਕਰੀ ਉਤੇ ਬਹਾਲੀ, ਸਿਆਸੀ ਨਜ਼ਰਬੰਦਾਂ ਦੀ ਰਿਹਾਈ ਅਤੇ ਵਿਸ਼ੇਸ਼ ਅਦਾਲਤਾਂ ਖਤਮ ਕਰਨ ਦੀ ਮੰਗ ਕੀਤੀ ਗਈ।

ਪ੍ਰੋ: ਦਿਓਲ ਬਿਜਲੀ ਬੋਰਡ ਦੇ ਨਵੇਂ ਪ੍ਰਬੰਧਕੀ ਮੈਂਬਰ

ਪਟਿਆਲਾ — ਪ੍ਰੋ: ਐਚ. ਐਸ. ਦਿਓਲ ਨੇ ਇਥੇ ਪੰਜਾਬ ਬਿਜਲੀ ਬੋਰਡ ਦੇ ਨਵੇਂ ਪ੍ਰਬੰਧਕੀ ਮੈਂਬਰ ਦਾ ਅਹੁਦਾ ਸੰਭਾਲ ਲਿਆ। ਪ੍ਰੋ: ਦਿਓਲ ਇਸ ਤੋਂ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਸਨ। ਪਿਛਲੇ ਸਾਲ ਜੂਨ ਮਹੀਨੇ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਦੇ ਵਿਰੋਧ ਵਿਚ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿਤਾ ਸੀ। ਪ੍ਰੋ: ਦਿਓਲ ਨੇ ਹਾਲ ਹੀ ਵਿਚ ਪੰਜ਼ਜਾਬੀ ਯੂਨੀਵਰਸਿਟੀ ਤੋਂ ਪਬਲਿਕ ਐਡਮਨਿਸਟਰੇਸ਼ਨ ਵਿਚ ਪੀ. ਐਚ. ਡੀ. ਕੀਤੀ ਹੈ ਅਤੇ ਉਨ੍ਹਾਂ ਦੀ ਖੋਜ ਦਾ ਵਿਸ਼ਾ ਪੰਜਾਬ ਬਿਜਲੀ ਬੋਰਡ ਵਿਚ ਯੂਨੀਅਨਵਾਦ ਸੀ ਉਨ੍ਹਾਂ ਨੂੰ ਪ੍ਰਬੰਧਕੀ ਮੈਂਬਰ ਦੋ ਸਾਲ ਲਈ ਨਿਯੁਕਤ ਕੀਤਾ ਗਿਆ ਹੈ। ਬੋਰਡ ਦੀਆਂ ਵੱਖਚ ਵੱਖ ਜਥੇਬੰਦੀਆਂ ਇੰਜਨੀਅਰ ਐਸੋਸੀਏਸ਼ਨ, ਮਨਿਸਟਰੀਅਲ ਸਟਾਫ ਐਸੋਸੀਏਸ਼ਨ, ਕਰਮਚਾਰੀ ਫੈਡਰੇਸ਼ਨ ਆਦਿ ਨੇ ਉਨ੍ਹਾਂ ਦੀ ਨਿਯੁਕਤੀ ਦਾ ਸੁਆਗਤ ਕੀਤਾ ਹੈ। ਪ੍ਰਬੰਧਕੀ ਮੈਂਬਰ ਦਾ ਅਹੁਦਾ ਸ੍ਰੀ ਜਗਮੀਤ ਸਿੰਘ ਬਰਾੜ ਦੇ ਅਸਤੀਫੇ ਕਾਰਨ ਖਾਲੀ ਪਿਆ ਸੀ।

ਭਗੌੜਿਆਂ ਸਬੰਧੀ ਯੋਜਨਾ

ਇੰਡੀਆ ਅਤੇ ਕੈਨੇਡਾ ਦੀਆਂ ਸਰਕਾਰਾਂ ਸ਼ਹਿਰੀਆਂ ਸਬੰਧੀ ਤਬਾਦਲੇ ਉਤੇ ਸੰਧੀ ਕਰਨ ਲਈ ਵਿਚਾਰਾਂ ਕਰ ਰਹੀਆਂ ਹਨ। ਜਿਸ ਨਾਲ ਭਗੌੜੇ ਅਤਿਵਾਦੀ ਜਾਂ ਲੋੜੀਂਦੇ ਨਾਗਰਿਕਾਂ ਦੇ ਤਬਾਦਲੇ ਸਰਕਾਰਾਂ ਕਰਨਗੀਆਂ ਇਸ ਸੰਧੀ ਅਧੀਨ ਇੰਗਲੈਂਡ ਨਾਲ ਭਾਰਤ ਸਰਕਾਰ ਸਮਝੌਤਾ ਕਰ ਚੁਕੀ ਹੈ।

ਬਲਵੰਤ ਸਿੰਘ ਵਲੋਂ ਸਨਅਤੀ ਵਿਕਾਸ 'ਤੇ ਜ਼ੋਰ

ਚੰਡੀਗੜ੍ਹ — ਪੰਜਾਬ ਦੇ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਕਿਹਾ ਹੈ ਕਿ ਰਾਜ ਵਿਚ ਅਮਨ-ਚੈਨ ਦੀ ਬਹਾਲੀ ਪੰਜਾਬ ਦੇ ਅਰਥਚਾਰੇ ਦੇ ਸਨਅਤੀ ਵਿਕਾਸ ਨਾਲ ਜੁੜੀ ਹੋਈ ਹੈ। ਇਥੇ ਸਨਅਤੀ ਵਿਭਾਗ ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੇਰੁਜ਼ਗਾਰੀ ਬਹੁਤ ਵਧੀ ਹੈ ਅਤੇ ਇਸ ਵਿਚ ਹੋਰ ਵਾਧੇ ਦੀ ਸੰਭਾਵਨਾ ਹੈ।

ਜ਼ਰੂਰੀ ਸੂਚਨਾ

All Candidate Meeting is Surrey
Oct. 31, 7.30 p.m.
Room No. 1
ਨਿਊਟਨ ਕਮਿਊਨਿਟੀ ਸੈਂਟਰ
13717 - 71st Ave. Surrey, B.C.

ਇੰਡੋ ਕਨੇਡੀਅਨ ਪਰੋਗਰੈਸਵ ਕਮਿਊਨਿਟੀ ਸਰਵਿਸਜ਼ ਸੁਸਾਇਟੀ (PICS) ਸਰੀ ਦੇ ਮੇਅਰ, ਐਲਡਰਮੈਨ ਤੇ ਸਕੂਲ ਬੋਰਡ ਦੇ ਉਮੀਦਵਾਰਾਂ ਦੀ ਮੀਟਿੰਗ ਬੁਲਾ ਰਹੀ ਹੈ। ਅਸੀਂ ਇਸ ਸੁਨਿਹਰੀ ਮੌਕੇ ਤੇ ਸਾਰੇ ਸਰੀ-ਨਿਵਖਾਸੀਆਂ ਨੂੰ ਸੱਦਾ ਦਿੰਦੇ ਹਾਂ ਕਿ ਹੁੰਮ ਹੁਮਾ ਕੇ ਦਰਸ਼ਨ ਦਿਓ। ਸਕੂਲਾਂ ਵਿਚ ਬੱਚਿਆਂ ਦੀਆਂ ਮੁਸ਼ਕਲਾਂ, ESL ਤੇ ਰੇਸ ਰੀਲੇਸ਼ਨ ਦੀ ਪਾਲਿਸੀਆਂ ਬੇਸਮੈਂਟਾਂ ਵਾਰੇ ਮੁਸ਼ਕਲਾਂ ਮਿਊਂਸਪੈਲਟੀ ਵਿਚ ਸਾਡੇ ਬੰਦਿਆਂ ਨੂੰ ਨੌਕਰੀ ਦੀ ਬਰਾਬਰਤਾ ਤੇ ਪ੍ਰਸੰਸਾ ਆਦਿ ਦੀ ਮੁਸ਼ਕਲਾਂ ਬਾਰੇ ਸਵਾਲ ਪੁਛੋ। ਸਾਡੀ ਕਮਿਊਨਿਟੀ ਦੀ ਖੁਸ਼ਹਾਲੀ ਵਾਰੇ ਤੇ ਪੁਲੀਸ ਦੇ ਰਵੱਈਏ ਵਾਰੇ ਇਹਨਾਂ ਦਾ ਕੀ ਪਰੋਗਰਾਮ ਹੈ? ਇਹ ਮੌਕਾ ਬਿਲਕੁਲ ਨਾ ਖੁੰਝਾਓ। ਇਹਨਾਂ ਨੇ ਵੋਟਾਂ ਲੈਣੀਆਂ ਹਨ, ਅੱਜ ਮੌਕਾ ਹੈ ਇਨ੍ਹਾਂ ਤੋਂ ਸਵਾਲ ਪੁੱਛਣ ਦਾ।

ਹੋਰ ਜਾਣਕਾਰੀ ਲਈ ਫੂਨ ਕਰੋ:
ਚਰਨਪਾਲ ਗਿੱਲ 576-2307
ਗੁਰਬੀਰ ਗਿੱਲ 584-5102
ਨੋਟ: ਇਹ ਮੀਟਿੰਗ ਹੈਲੋਵੀਨ ਦੀ ਰਾਤ ਨੂੰ ਹੈ।

ਯੂਥ ਵਿੰਗ ਨੂੰ ਹਰੀਜਨਾਂ ਦੀ ਸਹਾਇਤਾ ਲਈ ਅੱਗੇ ਆਉਣ ਦਾ ਸੱਦਾ

ਦੋਰਾਹਾ — — ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਨੇ ਆਮ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਹਰੀਜਨਾਂ ਵਰਗ ਨਾਲ ਸਬੰਧਿਤ ਲੋਕਾਂ ਦੇ ਦਿਲਾਂ ਅੰਦਰ ਸ਼ੰਕੇ ਪੈਦਾ ਕਰਨ ਬਾਰੇ ਕਾਂਗਰਸ ਪਾਰਟੀ ਦੀਆਂ ਮੰ ਮੰਦਭਾਵੀ ਚਾਲਾਂ ਤੋਂ ਲਗਾਤਾਰ ਸੁਚੇਤ ਰਹਿਣ ਲਈ ਚਿਤਾਵਨੀ ਦਿੱਤੀ ਹੈ। ਇਸ ਗੱਲ ਦਾ ਪ੍ਰਗਟਾਵਾ ਵਿੰਗ ਦੇ ਪ੍ਰਧਾਨ ਸ. ਪ੍ਰੇਮ ਸਿੰਘ ਚੰਦੂ ਮਾਜਰਾ, ਪ੍ਰਿਤਪਾਲ ਸਿੰਘ ਬਿਸ਼ਨਪੁਰਾ (ਵਿੱਤ ਸਕੱਤਰ), ਪ੍ਰੋ: ਦੇਵਿੰਦਰ ਸਿੰਘ ਗਿੱਲ ਅਤੇ ਪ੍ਰੋ: ਰਣਜੀਤ ਸਿੰਘ ਟਿਵਾਣਾ ਆਦਿ ਯੂਥ ਵਿੰਗ ਨੇਤਾਵਾਂ ਵਲੋਂ ਸਾਂਝੇ ਤੌਰ ਉਤੇ ਜਾਰੀ ਕੀਤੇ ਇਕ ਬਿਆਨ ਵਿਚ ਕੀਤਾ ਗਿਆ ਹੈ। ਸ. ਚੰਦੂ ਮਾਜਰਾ ਨੇ ਇਸ ਗੱਲ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ ਕਿ ਇਨ੍ਹਾਂ ਅਸੈਂਬਲੀ ਚੋਣਾਂ ਦੌਰਾਨ ਹਰੀਜਨਾਂ ਨੇ ਅਕਾਲੀ ਉਮੀਦਵਾਰਾਂ ਦੀ ਡਟਵੀਂ ਹਮਾਇਤ ਕੀਤੀ ਹੈ ਅਤੇ ਨਾਲ ਹੀ ਦੋਸ਼ ਲਗਾਇਆ ਹੈ ਕਿ ਕਾਂਗਰਸੀ ਹਾਕਮ ਆਪਣੇ ਸੌੜੇ ਸਵਾਰਥੀ ਮਨੋਰਥਾਂ ਦੀ ਪੂਰਤੀ ਲਈ ਹਰੀਜਨਾਂ ਅਤੂ ਜੱਟਾਂ ਵਿਚਾਲੇ ਪਾੜ ਪਾਉਣ ਲਈ ਸਾਜ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਨੇ ਯੂਥ ਵਿੰਗ ਦੇ ਸਰਗਰਮ ਕਾਰਕੁੰਨਾਂ ਨੂੰ ਜਿਥੇ ਵੀ ਕਿਤੇ ਲੋੜ ਪਵੇ, ਹਰਜੀਨਾਂ ਦੀ ਸਹਾਇਤਾ ਲਈ ਅੱਗੇ ਆਉਣ ਦੀ ਅਪੀਲ ਕੀਤੀ। ਯੂਥ ਵਿੰਗ ਦੇ ਨੇਤਾਵਾਂ ਨੇ ਪਿਛਲੇ ਦਿਨੀਂ ਪਾਇਲ ਸਰਕਲ ਦੇ ਪ੍ਰਧਾਨ ਗੁਰਜੀਤ ਸਿੰਘ ਮਾਂਗੇਵਾਲ ਤੇ ਇਸ ਵਿਰੋਧੀ ਰਾਜਸੀ ਪਾਰਟੀ ਦੇ ਆਦਮੀਆਂ ਵਲੋਂ ਪਿਛਲੇ ਦਿਨੀਂ ਕੀਤੇ ਗਏ ਕਥਿਤ ਹਮਲੇ ਦੀ ਵੀ ਨਿਖੇਧੀ ਕੀਤੀ ਹੈ ਅਤੇ ਦੋਸ਼ੀਆਂ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ।

ਪੰਡਤ ਮੋਹਨ ਲਾਲ ਉਪ ਨੇਤਾ ਬਣੇ

ਚੰਡੀਗੜ੍ਹ — ਬਜ਼ੁਰਗ ਕਾਂਗਰਸੀ ਨੇਤਾ ਤੇ ਪੰਜਾਬ ਦੇ ਸਾਬਕਾ ਮੰਤਰੀ ਪੰਡਤ ਲਾਲ ਮ ਮੋਹਨ ਲਾਲ ਪੰਜਾਬ ਕਾਂਗਰਸ (ਇੰ) ਵਿਧਾਨ ਮੰਡਲ ਪਾਰਟੀ ਦੇ ਉਪ ਨੇਤਾ ਬਣਾਏ ਗਏ ਹਨ। ਕਾਂਗਰਜਸ (ਇੰ) ਵਿਧਾਨ ਮੰਡਲ ਪਾਰਟੀ ਦੀ ਨੇਤਾ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਵਲੋਂ ਇਥੇ ਜਾਰੀ ਇਕ ਪ੍ਰੈਸ ਬਿਆਨ 'ਚ ਦੱਸਿਆ ਗਿਆ ਹੈ ਕਿ ਡਾ. ਕੇਵਲ ਕ੍ਰਿਸ਼ਨ ਪਾਰਟੀ ਦੇ ਜਨਰਲ ਸਕੱਤਰ ਹੋਣਗੇ। ਦੂਜੇ ਅਹੁਦੇਦਾਰਾਂ ਹਨ: ਸਕੱਤਰ ਸ੍ਰੀ ਮੇਵਾ ਸਿ ਰਾਮ, ਖਜ਼ਾਨਚੀ ਸ੍ਰੀ ਬ੍ਰਿਜ ਭੂਸ਼ਨ ਮਹਿਰਾ, ਚੀਫ ਵਿਪ ਸ. ਦਿਲਬਾਗ ਸਿੰਘ ਤੇ ਵਿੱਪ ਚੌਧਰੀ ਜਗਤਜੀ ਸਿੰਘ ਤੇ ਸ੍ਰੀ ਜੇ ਮੁਨੀ। ਸ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਸ੍ਰੀ ਓਮ ਪ੍ਰਕਾਸ਼ ਬੱਗਾ, ਸ੍ਰੀ ਕਿਰਪਾਲ ਸਿੰਘ ਢਿੱਲੋਂ, ਸ੍ਰੀ ਬਾਲ ਮੁਕੰਦ ਸ਼ਰਮਾ, ਸ੍ਰੀ ਰਾਮ ਪ੍ਰਕਾਸ਼ ਬਾਲੀ, ਸ੍ਰੀ ਹਰੀ ਮਿਤਰ ਹੰਸ, ਸ੍ਰੀ ਸ਼ਿਵ ਚੰਦ, ਸ੍ਰੀ ਐਚ. ਡੀ. ਜੌਹਰ, ਸ੍ਰੀ ਜੋਗਿੰਦਰ ਸਿੰਘ ਮਾਨ, ਕੁਮਾਰੀ ਸੁਸ਼ੀਲ ਮਹਾਜਨ ਤੇ ਸ੍ਰੀ ਹੰਸ ਰਾਜ ਆਰੀਆ ਐਗਜੈਕਟਿਵ ਮੈਂਬਰ ਲਏ ਗਏ ਹਨ।

ਪੰਜਾਬ ਸਰਕਾਰ ਆਨੰਦਪੁਰ ਦੇ ਮਤੇ ਨੂੰ ਲਾਗੂ ਕਰੇ — ਬਾਬਾ ਦਲ

ਅੰਮ੍ਰਿਤਸਰ — ਯੂਨਾਈਟਿਡ ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਕਿਹਾ ਹਿ ਕਿ ਉਹ ਵਿਧਾਨ ਸਭਾ ਵਿਚ ਆਨੰਦਪੁਰ ਸਾਹਿਬ ਮਤੇ ਨੂੰ ਅਪਨਾ ਕੇ ਇਸ ਨੂੰ ਲਾਗੂ ਕਰੇ ਕਿਉਂਕਿ "ਇਸ ਵਿਚ ਸਿੱਖਾਂ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕੀਤੀ ਗਈ ਹੈ।"

ਪਾਰਟੀ ਅਨੁਸਾਰ ਆਨੰਦਪੁਰ ਸਾਹਿਬ ਮਤੇ ਦੇ ਲੇਖਕ ਸੁਰਜੀਤ ਸਿੰਘ ਬਰਨਾਲਾ ਸਨ ਜੋ ਇਤਫਾਕ ਨਾਲ ਹੁਣ ਮੁਖ ਮੰਤਰੀ ਵੀ ਹਨ ਅਤੇ ਉਨ੍ਹਾਂ ਨੂੰ ਚੇਤੇ ਹੋਣਾ ਚਾਹੀਦਾ ਹੈ ਕਿ ਪੰਥਕ ਜਦੋਂ ਜਹਿਦ ਆਨੰਦਪੁਰ ਸਾਹਿਬ ਮਤੇ ਦੀ ਪੂਰਤੀ ਲਈ ਹੀ ਸ਼ੁਰੂ ਕੀਤੀ ਗਈ ਸੀ। ਇਹ ਫੈਸਲਾ ਪਾਰਟੀ ਦੀ ਐਡਹਾਕ ਕਮੇਟੀ, ਸਲਾਹਕਾਰ ਕਮੇਟੀ ਤੇ ਜ਼ਿਲਾ ਕਨਵੀਨਰਾਂ ਦੀ ਮੀਟਿੰਗ ਵਿਚ ਇਕ ਮਤੇ ਰਾਹੀਂ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਬਾਬਾ ਜੋਗਿੰਦਰ ਸਿੰਘ ਨੇ ਕੀਤੀ। ਪਾਰਟੀ ਨੇ "ਦਿੱਲੀ ਪੁਲੀਸ ਸਪੈਸ਼ਲ ਐਕਟ" ਵਿਚ ਤਰਮੀਮ ਕਰਨ ਬਾਰੇ ਕੇਂਦਰ ਦੇ ਫੈਸਲੇ ਉਤੇ ਚਿੰਤਾ ਪ੍ਰਗਟ ਕੀਤੀ ਜਿਸ ਅਨੁਸਾਰ ਸੀ. ਬੀ. ਆਈ. ਨੂੰ ਹਿੰਦ-ਪਾਕਿ ਸਰਹੱਦ ਦੇ ਪੰਦਰਾਂ ਕਿਲੋਮੀਟਰ ਤਕ ਆਪਣੀਆਂ ਸਰਗਰਮੀਆਂ ਕਰਨ ਦਾ ਅਧਿਕਾਰ ਦਿਤਾ ਗਿਆ ਹੈ।ਠ ਪੰਜਾਬ ਸਰਕਾਰ ਵੱਲੋਂ ਇਸ ਫੈਸਲੇ ਦੀ ਪੁਸ਼ਟੀ ਕੀਤੇ ਜਾਣ ਬਾਰੇ ਵੀ ਪਾਰਟੀ ਨੇ ਸਖਤ ਨੋਟਿਸ ਲਿਆ। ਮੀਟਿੰਗ ਵਿਚ ਡਰ ਪ੍ਰਗਟ ਕੀਤਾ ਗਿਆ ਕਿ ਕਿਸੇ ਵੀ ਬੇਗੁਨਾਹ ਵਿਅਕਤੀ ਨੂੰ ਕਿਤੋਂ ਵੀ ਫੜ ਕੇ ਸਰਹੱਦ ਦੇ ਨੇੜਿਓਂ ਫੜਿਆ ਵਿਖਾਇਆ ਜਾ ਸਕਦਾ ਹੈ।

ਇਕ ਹੋਰ ਮਤੇ ਰਾਹੀਂ ਫ ਝੋਨੇ ਦੀ ਸਹਾਇਕ ਕੀਮਤ 165 ਰੁਪਏ ਪ੍ਰਤੀ ਕੁਇੰਟਲ ਕਕਰਨ ਅਤੇ 23 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦੀ ਮੰਗ ਕੀਤੀ ਦੇਣ ਦੀ ਮੰਗ ਕੀਤੀ ਗਈ। ਮੀਟਿੰਗ ਵਿਚ ਵਿਚਾਰ ਪ੍ਰਗਟ ਕੀਤਾ ਗਿਆ ਕਿ ਪਿਛਲੇ ਸਾਲ ਨਰਮਾ 600 ਰੁਪਏ ਪ੍ਰਤੀ ਕੁਇੰਟਲ ਖਰੀਦਿਆ ਗਿਆ ਜਦ ਕਿ ਹੁਣ ਇਹ ਜਦ ਕਿ ਹੁਣ ਇਹ ਚਾਰ ਸੌ ਰੁਪਏ ਪ੍ਰਤੀ ਕੁਇੰਟਲ ਖਰੀਦਿਆ ਜਾ ਰਿਹਾ ਹੈ।

ਪਾਰਟੀ ਨੇ "ਬਾਇਕਾਟ" ਦੇ ਸੱਦੇ ਨੂੰ ਮਿਲੇ ਹੁੰਗਾਰੇ ਉਤੇ ਤਸੱਲੀ ਪ੍ਰਗਟ ਕੀਤੀ ਅਤੇ ਇਸ ਸਬੰਧ ਵਿਚ ਬਾਬਾ ਜੋਗਿੰਦਰ ਸਿੰਘ ਨੂੰ ਵਧਾਈ ਦਿਤੀ। ਪਾਰਟੀ ਦੇ ਜਨਰਲ ਸਕੱਤਰ ਸ. ਰਣਜੀਤ ਸਿੰਘ ਬ੍ਰਹਮਪੁਰਾ ਨੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਦੱਸਿਆ ਕਿ ਬਾਈਕਾਟ ਦੇ ਸੱਦੇ ਨਾਲ ਵੀਹ ਫੀਸਦੀ ਘੱਟ ਵੋਟਾਂ ਪਈਆਂ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਪ੍ਰਤੀ ਵਤੀਰਾ ਸਰਕਾਰ ਦੇ "ਗੁਣ ਦੋਸ਼" ਦੇ ਆਧਾਰ ਉਤੇ ਅਖਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਰਕਾਰ "ਰਾਜੀਵ ਸਰਕਾਰ ਦਾ ਵਿਸਥਾਰ" ਹੀ ਹੈ।

ਪਤਾ ਲੱਗਾ ਹੈ ਕਿ ਯੂਨਾਈਟਿਡ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ, ਜੋ ਨਵੰਬਰ ਵਿਚ ਹੋਣੀਆਂ ਹਨ, ਆਪਣੀ ਹੋਂਦ ਜਤਲਾਏਗਾ। ਇਸ ਚੋਣ ਵਿਚ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਹੋਣੀ ਹੈ। ਮੀਟਿੰਗ ਵਿਚ ਜਿਹੜੇ ਉਘੇ ਨੇਤਾ ਗੈਰ ਹਾਜ਼ਰ ਸਨ ਉਨ੍ਹਾਂ ਵਿਚ ਰਣਧੀਰ ਸਿੰਘ ਚੀਮਾ, ਜਸਵਿੰਦਰ ਸਿੰਘ ਬਰਾੜ, ਪ੍ਰਕਾਸ਼ ਸਿੰਘ ਮਜੀਠਾ ਅਤੇ ਪਾਰਟੀ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਸੇਖੋਂ ਸ਼ਾਮਲ ਸਨ। ਸ੍ਰੀ ਸੇਖੋਂ ਬਾਰੇ ਦੱਸਿਆ ਜਾ ਰਿਹਾ ਹੈ ਕਿ ਉਹ ਅਦਾਲਤ ਦੇ ਕਿਸੇ ਕੇਸ ਵਿਚ ਰੁੱਝੇ ਹੋਏ ਸਨ। ਹਾਜ਼ਰ ਨੇਤਾਵਾਂ ਵਿਚ ਜਗਜੀਤ ਸਿੰਘ ਰੋਡੇ, ਜਗਦੇਵ ਸਿੰਘ ਤਲਵੰਡੀ, ਆਤਮਾ ਸਿੰਘ, ਉਜਾਗਰ ਸਿੰਘ ਸੇਖਵਾਂ ਤੇ ਏ. ਆਈ. ਐਸ. ਐਸ. ਐਫ. ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਸ਼ਾਮਲ ਸਨ।

ਪੀ. ਟੀ. ਆਈ. ਅਨੁਸਾਰ ਸ੍ਰੀ ਬ੍ਰਹਮਪੁਰਾ ਨੇ ਸਿੱਖ ਨੌਜਵਾਨਾਂ ਦੀ ਬਿਨਾਂ ਸ਼ਰਤ ਰਿਹਾਈ ਤੇ ਫੌਜੀ ਭਗੌੜਿਆਂਏ ਦੀ ਨੌਕਰੀ ਉਤੇ ਮੁੜ ਬਹਾਲੀ ਬਾਰੇ ਕੇਂਦਰ ਸਰਕਾਰ ਨੂੰ "ਅਲਟੀਮੇਟਮ" ਦੇਣ ਦੀ ਸੰਭਾਵਨਾ ਰੱਦ ਕਰ ਦਿਤੀ। ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਨੀਤੀ ਬਾਰੇ ਕੋਈ ਪਰੋਗਰਾਮ ਪਾਸ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੌ ਵਿਅਕਤੀਆਂ ਨੂੰ ਸੱਦਾ ਪੱਤਰ ਦਿਤੇ ਗਏ ਜਿਨ੍ਹਾਂ ਵਿਚੋਂ ਅੱਸੀ ਹਾਜ਼ਰ ਹੋਏ।

ਜਨਤਾ ਪਾਰਟੀ ਵੱਲੋਂ ਬੇਰੁਜ਼ਗਾਰੀ ਤੇ ਭੁੱਖਮਰੀ ਵਿਰੁੱਧ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ

ਦੇਵਸਥਾਲੀ — (ਯੂ. ਪੀ.) — ਇਥੇ ਜਨਤਾ ਪਾਰਟੀ ਦੀ ਕੌਂਸਲ ਦੀ ਕੌਮੀ ਕਨਵੈਨਸ਼ਨ ਦੌਰਾਨ ਪਾਰਟੀ ਵਲੋਂ ਪਾਸ ਕੀਤੇ ਗਏ ਮਤੇ ਵਿਚ ਦੇਸ਼ ਅੰਦਰ ਬੇਰੁਜ਼ਗਾਰੀ ਅਤੇ ਭੁੱਖਮਰੀ ਦੀ ਸਮੱਸਿਆ ਸਮੇਤ ਵੱਖ ਵੱਖ ਆਰਥਿਕ ਸਮੱਸਿਆਵਾਂ 'ਤੇ ਕੌਮ ਵਿਆਪੀ ਮੁਹਿੰਮ ਲਾਮਬੰਦ ਕਰਨ ਦਾ ਫੲਸਲਾ ਕੀਤਾ ਗਿਆ ਹੈ ਅਤੇ ਦਲੇਰਾਨਾ ਪ੍ਰਮਾਣੂ ਨੀਤੀ ਆਪਣਾਏ ਜਾਣ 'ਤੇ ਜ਼ੋਰ ਦਿਤਾ ਗਿਆ ਹੈ। ਪਾਰਟੀ ਵਲੋਂ ਜਿਹੜਾ 8-ਨੁਕਾਤੀ ਐਕਸ਼ਨ ਪਰੋਗਰਾਮ ਉਲੀਕਿਆ ਗਿਆ ਹੈ। ਉਸ ਵਿਚ ਰੁਜ਼ਗਾਰ ਨੂੰ ਬੁਨਿਆਦੀ ਹੱਕ ਵਜੋਂ ਸਵੀਕਾਰ ਕੀਤੇ ਜਾਣ, ਦਿਹਾਤੀ ਵਿਕਾਸ ਯੋਜਨਾਵਾਂ ਲਈ ਵਧੇਰੇ ਸੋਮੇ ਉਪਲਬਧ ਕਰਵਾਏ ਜਾਣ, ਮੰਡਲ ਕਮਿਸ਼ਨ ਰਿਪੋਰਟਰ ਨੂੰ ਫੌਰੀ ਤੌਰ 'ਤੇ ਲਾਗੂ ਕੀਤੇ ਜਾਣ ਅਤੇ ਕਿਸਾਨਾਂ ਨੂੰ ਖੇਤੀ ਜਿਣਸਾਂ ਲਈ ਲਾਹੇਵੰਦੀਆਂ ਕੀਮਤਾਂ ਦਿੱਤੇ ਜਾਣ ਦੀਆਂ ਮੰਗਾਂ ਸ਼ਾਮਲ ਸਨ।

ਛੇ ਮਹੀਨੇ ਲੰਮੀ ਮੁਹਿੰਮ ਦੇ ਬਾਵਜੂਦ ਇਨ੍ਹਾਂ ਮੰਗਾਂ ਦੀ ਪੂਰਤੀ ਨਾ ਹੋਣ ਦੀ ਸੂਰਤ ਵਿਚ ਪਾਰਟੀ ਵਲੋਂ ਇਸ ਮੁਹਿੰਮ ਤੋਂ ਇਕਦਮ ਬਾਅਦ ਨਾ-ਮਿਲਵਰਤਣ ਦੀ ਲਹਿਰ ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਗਿਆ। ਕੌਂਭਸਲ ਵਲੋਂ ਇਕ ਵਿਸ਼ੇਸ਼ ਮਤਾ ਪਾਸ ਕਰਕੇ ਪਾਰਟੀ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੂੰ ਅੰਦੋਲਨ ਸ਼ੁਰੂ ਕਰਨ ਲਈ ਢੁਕਵਾਂ ਸਮਾਂ ਅਤੇ ਰੂਪ-ਰੇਖਾ ਮਿਥਣ ਦਾ ਅਧਿਕਾਰ ਦਿਤਾ ਗਿਆ ਹੈ। ਇਸੇ ਦੌਰਾਨ ਪਾਰਟੀ ਦੇ ਤਿੰਨ ਅਹਿਮ ਨੇਤਾਵਾਂ — ਸ੍ਰੀ ਐਨ. ਜੀ. ਗੋਰੇ, ਰਵਿੰਦਰ ਵਰਮਾ ਅਤੇ ਸ੍ਰੀ ਕ੍ਰਿਸ਼ਨ ਕਾਂਤ ਦੇ ਜ਼ੋਰ ਦੇਣ 'ਤੇ ਮਤੇ ਵਿਚ ਇਕ ਹੋਰ ਸੋਧ ਕਰਕੇ ਪ੍ਰਭੂਸਤਾ ਸਪੰਨ ਕੌਮ ਹੋਣ ਦੇ ਨਾਤੇ ਭਾਰਤ ਵਲੋਂ ਬਿਨਾਂ ਕਿਸੇ ਬਾਹਰੀ ਦਾਬੇ ਦੇ ਆਪਣੀ ਪ੍ਰਮਾਣੂ ਨੀਤੀ ਪੂਰਨ ਰੂਪ ਵਿਚ ਸੁਤੰਤਰ ਤਰੀਕੇ ਨਾਲ ਖੁਦ ਮਿਥੇ ਜਾਣ ਦੀ ਵਕਾਲਤ ਕੀਤੀ ਗਈ ਹੈ।

ਕਨਵੈਨਸ਼ਨ ਦੌਰਾਨ ਪਾਰਟੀ ਵਲੋਂ 'ਹਰੇਕ ਨਾਗਰਿਕ ਲਈ ਆਜ਼ਾਦੀ ਤੇ ਪੇਟ ਭਰ ਕੇ ਖਾਣ ਲਈ ਰੋਟੀ ਮੁਹੱਈਆ ਕਰਵਾਉਣ ਦਾ ਨਾਅਰਾ ਅਪਣਾਇਆ ਗਿਆ ਹੈ। ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਆਰਥਿਕ ਮੰਗਾਂ ਤੇ ਦੇਸ਼ ਵਿਆਪੀ ਅੰਦੋਲਨ ਦੌਰਾਨ ਸਭ ਪਾਸਿਆਂ ਤੋਂ ਸਹਿਯੋਗ ਨੂੰ ਪਰਵਾਨ ਕਰੇਗੀ ਪ੍ਰੰਤੂ ਕਿਸੇ ਵੀ ਦੂਸਰੀ ਪਾਰਟੀ ਨਾਲ

ਪਿਆਰ ਵਫਾ ਨੂੰ ਭਾਲ ਰਹੇ ਨੇ, ਕਿੰਨੇ ਨੇ ਅਨਜਾਣੇ ਲੋਕ।
ਵਕਤ ਪੈਣ ਤੇ ਬਣ ਜਾਂਦੇ ਨੇ, ਆਪਣੇ ਵੀ ਬੇਗਾਨੇ ਲੋਕ।

ਹੈ ਕੂੜ ਦਾ ਹਨੇਰ ਬਾਹਰ,
ਅੰਦਰ ਦੇ ਸੱਚ ਦਾ ਦੀਪ ਬਾਲ।

ਵਧਦਾ ਅਨੇਕ ਗਾਹ ਹਨੇਰ,
ਬਣਕੇ ਜਨੂੰਨ ਦਾ ਉਬਲ।
ਹੈ ਖ਼ੁਦ-ਕੁਸ਼ੀ ਦਾ ਇਹ ਨਜ਼ਾਮ,
ਮਾਰੇ ਮਨੁੱਖ ਜਿਸ 'ਚ ਛਾਣ।

ਕੋਈ ਦਿਸ਼ਾ ਨ ਆਏ ਰਾਸ,
ਹਰ ਪਾਸ ਝੂਠ ਦਾ ਹੈ ਜਾਲ।

ਪਰਛਾਵੇਂ ਵਾਂਗ ਮੋਹ - ਵਿਰਾਗ,
ਤੁਰਦੇ ਨੇ ਮੇਰੇ ਨਾਲ ਨਾਲ।

ਵਿਸ਼ੇਸ਼ ਤੇ ਸੰਖੇਪ

4 ਤੋਂ ਮੰਗ ਹਫਤਾ

ਜਲੰਧਰ — ਪੰਜਾਬ ਸਟੂਡੈਂਟਸ ਯੂਨੀਅਨ ਨੇ ਚਾਰ ਨਵੰਬਰ ਤੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਮੰਗ ਹਫਤਾ ਮਨਾਉਣ ਦਾ ਫੈਸਲਾ ਕੀਤਾ ਹੈ। ਯੂਨੀਅਨਾਂ ਦੀ ਐਕਸ਼ਨ ਕਮੇਟੀ ਦੇ ਕਨਵੀਨਰ ਕੁਲਦੀਪ ਸਿੰਘ ਅਨੁਸਾਰ ਇਸ ਹਫਤੇ ਦੌਰਾਨ ਜ਼ਿਲਾ ਹੈਡਕੁਆਰਟਰਾਂ 'ਤੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਤੇ ਸਿਖਿਆ ਮੰਤਰੀ ਸੁਖਜਿੰਦਰ ਸਿੰਘ ਨੂੰ ਇਕ ਯਾਦ-ਪੱਤਰ ਦਿਤਾ ਜਾਵੇਗਾ।

(ਪੀ(ਟੀ. ਆਈ.

ਹਿੰਦੂਆਂ ਦਾ ਜਥਾ

ਅੰਮ੍ਰਿਤਸਰ — ਲਗਭਗ 120 ਹਿੰਦੂ ਸ਼ਰਧਾਲੂਆਂ ਦਾ ਇਕ ਜਥਾ 23 ਅਕਤੂਬਰ ਤੋਂ ਸਿੰਧ ਤੇ ਮੁਲਤਾਨ ਵਿਚਲੇ ਕੁਝ ਹਿੰਦੂ ਤੀਰਥਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਵੇਗਾ। ਇਹ ਜਾਣਕਾਰੀ ਸੋਮਵਾਰ ਨੂੰ ਇਥੇ ਹਿੰਦੂ ਰਾਸ਼ਟਰੀ ਸੰਗਠਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਬਿੱਲਾ ਨੇ ਦਿੱਤੀ। ਜਥਾ ਦਸ ਦਿਨ ਪਾਕਿਸਤਾਨ ਰਹੇਗਾ।

—ਪੀ. ਟੀ. ਆਈ.

ਪੰਜ ਘੁਸਪੈਂਠੀਏ ਕਾਬੂ

ਢਾਕਾ — ਬੰਗਲਾਦੇਸ਼ ਰਾਈਫਲਜ਼ ਨੇ ਪੰਜ ਹਥਿਆਰਬੰਦ ਘੁਸਪੈਂਠੀਆਂ ਨੂੰ ਕਾਬੂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਹ ਘੁਸਪੈਂਠੀਏ ਮੇਘਾਲਿਆਂ ਤੋਂ ਬੰਗਲਾਦੇਸ਼ ਵਿਚ ਦਾਖਲ ਹੋਏ ਸਨ।

ਭੂਚਾਲ

ਮਾਸਕੋ — ਸੋਵੀਅਤ ਰੂਸ ਦੀ ਤਾਜਿਕਸਤਾਨ ਰਿਪਬਲਿਕ ਵਿਚ ਐਤਵਾਰ ਰਾਤੀਂ ਭੂਚਾਲ ਕਾਰਨ ਦਰਜਨਾਂ ਵਿਅਕਤੀ ਫੱਟੜ ਹੋ ਗਏ ਅਤੇ ਸੈਂਕੜੇ ਮਕਾਨ ਢਹਿ ਗਏ।

ਪਾਕਿਸਤਾਨੀ ਫੌਜ ਵਲੋਂ ਗੋਲੀ — ਇਕ ਫੱਟੜ

ਪੁਣਛ — ਪਾਕਿਸਤਾਨੀ ਫੌਜ ਵਲੋਂ ਪੁਣਛ ਸੈਕਟਰ ਦੇ ਭਾਗਲਦਰਾ ਖੇਤਰ ਵਿਚ ਸ਼ਹਿਰੀ ਵਸੋਂ 'ਤੇ ਗੋਲੀ ਚਲਾਏ ਜਾਣ ਕਾਰਨ ਇਕ ਔਰਤ ਫ ਫੱਟੜ ਹੋ ਗਈ। ਫੱਟੜ ਔਰਤ ਪੁਣਛ ਦੇ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਇਕ ਸਰਕਾਰੀ ਤਰਜਮਾਨ ਨੇ ਇਥੇ ਦੱਸਿਆ ਕਿ ਪਾਕਿਸਤਾਨੀ ਫੌਜਾਂ ਪੁਣਛ ਜ਼ਿਲੇ ਦੇ ਪਿੰਡਾਂ 'ਤੇ ਇਕ ਸਤੰਬਰ ਤੋਂ ਰੁਕ ਰੁਕ ਕੇ ਗੋਲੀ ਚਲਾ ਰਹੀਆਂ ਹਨ।

ਮੌਨਸੂਨ ਵਰਖਾ ਤੇ ਹੜ੍ਹਾਂ ਨਾਲ ਤਬਾਹੀ

ਨਵੀਂ ਦਿੱਲੀ — ਉਤਰ ਪ੍ਰਦੇਸ਼ ਵਿਚ ਲਗਭਗ 52 ਵਿਅਕਤੀ ਹੜ੍ਹਾਂ ਦੀ ਲਪੇਟ ਵਿਚ ਆਉਣ ਕਾਰਨ ਮਾਰੇ ਗਏ ਅਤੇ ਦੇਸ਼ ਦੇ ਪੂਰਬੀ ਤੱਟ ਉਤੇ ਸਮੁੰਦਰੀ ਤੂਫਾਨ ਆਇਆ।

ਇੰਮੀਗਰੇਸ਼ਨ ਦਾ ਕੈਂਸਲ ਕੀਤਾ ਕੇਸ ਜਿੱਤਿਆ ਗਿਆ

ਸਰੀ : ਬੀਬੀ ਪਰਮਜੀਤ ਕੌਰ ਸੰਘਾ ਸਰੀ ਵਿਚ ਰਹਿੰਦੇ ਹਨ ਜਿਨ੍ਹਾਂ ਆਪਣੇ ਭਰਾ ਸੁਰਜੀਤ ਸਿੰਘ ਨਾਗਰਾ ਦੀ ਇੰਮੀਗਰੇਸ਼ਨ ਬਾਰੇ ਕਹਾਣੀ ਇਸ ਤਰ੍ਹਾਂ ਦੱਸੀ :

ਪਰਮਜੀਤ ਕੌਰ ਸੰਘਾ ਨੇ ਸਾਡੇ ਪ੍ਰਤੀਨਿਧ ਨਾਲ ਗਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਰਾ ਸੁਰਜੀਤ ਸਿੰਘ ਨਾਗਰਾ 1979 ਵਿਚ ਇਥੇ ਵਿਜ਼ਟਰ ਦੇ ਤੌਰ ਉਤੇ ਆਏ ਸਨ ਪਰ ਉਨ੍ਹਾਂ ਦਾ ਮਨ ਇਥੇ ਰਹਿਣ ਦਾ ਬਣ ਗਿਆ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਪੱਕੇ ਨਾ ਹੋ ਸਕੇ। ਸੁਰਜੀਤ ਸਿੰਘ ਨਾਗਰਾ ਦੋ ਸਾਲ ਇਥੇ ਕੰਮ ਕਰਦੇ ਰਹੇ ਪਰ 1981 ਵਿਚ ਇੰਮੀਗਰੇਸ਼ਨ ਮਹਕਿਮੇ ਵਲੋਂ ਫੜੇ ਗਏ ਤੇ ਅਪ੍ਰੈਲ 30, 1981 ਨੂੰ ਉਨ੍ਹਾਂ ਨੂੰ ਡੀਪੋਰਟ ਕਰ ਦਿਤਾ ਗਿਆ।

ਸ੍ਰੀਮਤੀ ਸੰਘਾ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਨੀਊਵੈਸਟ ਮਿਨਸਟਰ ਦੇ ਉਘੇ ਵਕੀਲ ਡਿਪ ਪ੍ਰਸਾਦ ਨੇ ਸ੍ਰੀ ਨਾਗਰਾ ਦਾ ਕੇਸ ਸੰਭਾਲਿਆ ਪਰ ਕਿਉਂਕਿ ਡੀਪ ਡੀਪੋਰਟੇਸ਼ਨ ਲੱਗ ਚੁਕੀ ਸੀ ਇਸ ਲਈ ਉਨ੍ਹਾਂ ਦੇ ਭਰਾ ਨੂੰ ਵਾਪਸ ਭਾਂਰਤ ਜਾਣਾ ਪਿਆ।

ਸ੍ਰੀਮਤੀ ਸੰਘਾ ਦੇ ਦੱਸਣ ਅਨੁਸਾਰ 1982 ਵਿਚ ਸੁਰਜੀਤ ਸਿੰਘ ਨਾਂਗਰਾ ਦੀ ਸ਼ਾਂਦੀ ਭਾਂਰਤ ਵਿਚ ਹੋਈ। ਲੜਕੀ ਅਮਰਜੀਤ ਕੌਰ ਕੈਨੇਡਾ ਤੋਂ ਸ਼ਾਦੀ ਕਰਵਾਉਣ ਲਈ ਭਾਰਤ ਅ ਗਈ। ਫਿਰ ਸ੍ਰੀਮਤੀ ਅਮਰਜੀਤ ਕੌਰ ਨਾਗਰਾ ਨੇ ਆਪਣੇ ਪਤੀ ਲਈ ਅਰਜ਼ੀ ਭਰੀ ਜੋ ਇੰਮੀਗਰੇਸ਼ਨ ਵਾਲਿਆਂ ਨੇ ਕੈਂਸਲ ਕਰ ਦਿਤੀ। ਫਿਰ ਦੁਬਾਰਾ ਅਰਜ਼ੀ ਭਰੀ ਗਈ ਜੋ ਫਿਰ ਇੰਮੀਗਰੇਸ਼ਨ ਵਿਭਾਗ ਨੇ ਕੈਂਸ਼ਲ ਕਰ ਦਿਤੀ।

ਇਸ ਘਟਨਾ ਤੋਂ ਬਾਅਦ ਵ ਕੀਲ ਡਿਪ ਪ੍ਰਸਾਦ ਨੇ ਮਨੁੱਖਵਾਦੀ ਆਧਾਰ ਉਤੇ ਇੰਮੀਗਰੇਸ਼ਨ ਦੇ ਵੀਜ਼ੀਰ ਨੂੰ ਮਿਲਕੇ ਸਾਰਾ ਕੇਸ ਸਮਝਾਂਇਆ ਅਤੇ ਵਜ਼ੀਰ ਨੇ ਅਮਰਜੀਤ ਕੌਰ ਨਾਂਗਰਾ ਦੀ ਅਰਜ਼ੀ ਸਵੀਕਾਰ ਕਰ ਲਈ।

ਸ੍ਰੀਮਤੀ ਸੰਘਾ ਨੇ ਕਿਹਾ ਕਿ ਸ੍ਰੀ ਪ੍ਰਸਾਦ ਨੇ ਡੂੰਘੀ ਦਿਲਚਸਪੀ ਲੈ ਲੈ ਕੇ ਇਹ ਕੇਸ ਸਿਰੇ ਚੜ੍ਹਾਇਆ ਹੈ ਅਤੇ ਸਾਰਾ ਪ੍ਰਵਾਰ ਸ੍ਰੀ ਪ੍ਰਸਾਦ ਦਾ ਤਹਿ ਦਿਲੋਂ ਧੰਨਵਾਦੀ ਹੈ।

ਸੁਰਜੀਤ ਸਿੰਘ ਨਾਂਗਰਾ ਦਾ ਮੈਡੀਕਲ ਹੋ ਗਿਆ ਹੈ ਅਤੇ ਸ੍ਰੀਮਤੀ ਸੰਘਾ ਨੇ ਕਿਹਾ ਕਿ ਅਸੀਂ ਸਾਰਾ ਪ੍ਰਵਾਰ ਖੁਸ਼ੀ ਨਾਲ ਉਨ੍ਹਾਂ ਦੀ ਉਡੀਕ ਕਰ ਰਹੇ ਹਾਂ।

ਖਾਲਿਸਤਾਨ ਦੇ ਲੀਡਰ ਡਾ: ਚੌਹਾਨ ਦਾ ਪ੍ਰਤੀਕਰਮ

ਲੰਦਨ ਵਸਦਾ, ਆਪ ਬਣਿਆਂ ਖਾਲਿਸਤਾਨ ਲੀਡਰ, ਜਗਜੀਤ ਸਿੰਘ ਚੌਹਾਨ, ਮੰਨਦਾ ਹੈ ਕਿ ਪੰਜਾਬ ਵਿਚ ਹੋਈ ਈਲੈਕਸ਼ਨ ਵਿਚ ਐਨੀ ਭਾਰੀ ਬਹੁ-ਸੰਮਤੀ ਵੋਟਰਾਂ ਦਾ ਹਿਸਾ ਲੈਣਾ, ਅਤਿਵਾਦੀਆਂ ਦੀ ਵਿਰੋਧਤਾ ਦਾ ਪ੍ਰਤੱਖ ਪ੍ਰਗਟਾਵਾ ਕਰਦਾ ਹੈ ਜਿਨ੍ਹਾਂ ਈਲੈਕਸ਼ਨ ਦੇ ਬਾਈਕਾਟ ਦਾ ਸੱਦਾ ਦਿਤਾ ਸੀ। ਓਹਨੇ ਪੀ. ਟੀ. ਆਈ. ਏਜੰਸੀ ਨੂੰ ਦੱਸਿਆ ਕਿ ਸਾਡੀ ਗਿਣਤੀ ਮਿਣਤੀ ਬਿਲਕੁਲ ਗਲਤ ਨਿਕਲੀ : ਪਰ ਅਸੀਂ ਹੌਂਸਲਾ ਨਹੀਂ ਛਡਦੇ ਤੇ ਖਾਲਿਸਤਾਨ ਪ੍ਰਾਪਤੀ ਦਾ ਸਾਡਾ ਅਮਨ-ਭਰਪੂਰ ਅੰਦੋਲਨ ਜਾਰੀ ਰਹੇਗਾ।

ਬ੍ਰਿਟੇਨ ਅਤਿਵਾਦੀਆਂ ਵਿਰੁ ਵਿਰੁੱਧ ਕਾਰਵਾਈ ਦੇ ਹੱਕ ੁ ਚ — ਥੈਚਰ

ਚੈਕਰਜ਼ (ਇੰਗਲੈਂਡ)— ਬਰਤਾਨਵੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੇ ਭਾਰਤ ਦੀ ਏਗਕਤਾ ਤੇ ਅਖੰਡਤਾ ਦੀ ਹਮਾਇਤ ਕੀਤੀ ਹੈ ਅਤੇ ਦਾਅਵਾ ਕੀਤਾ ਕਿ ਉਹ ਨਹੀਂ ਚਾਹੁੰਦੇ ਕਿ ਕੋਈ ਅਤਿਵਾਦੀ ਇਸ ਦੇਸ਼ ਵਿਚ ਰਹਿੰਦਿਆਂ ਹੋਇਆਂ ਭਾਰਤ ਵਿਚ ਅਸਿਥਰਤਾ ਪੈਦਾ ਕਰਨ ਦੀ ਸਾਜ਼ਿਸ਼ ਰਚੇ। ਖਬਰ ਏਜੰਸੀ "ਪੀ. ਟੀ. ਆਈ." ਨਾਲ ਇਕ ਵਿਸ਼ੇਸ਼ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਬਰਤਾਨੀਆਂ ਸਰਕਾਰ ਅਤਿਵਾਦੀਆਂ ਵਿਰੁਧ ਕਾਰਵਾਈ ਕਰਨ ਦੀ "ਬਹੁਤ ਇੱਛਕ" ਹੈ ਪਰ ਕਾਰਵਾਈ ਅਤਿਵਾਦੀਆਂ 'ਤੇ ਮੁਕੱਦਮਾ ਚਲਾਉਣ ਲਈ ਠੋਸ ਸਬੂਤ ਪ੍ਰਾਪਤ ਹੋਣ 'ਤੇ ਹੀ ਕੀਤੀ ਜਾ ਸਕਦੀ ਹੈ।

ਸ੍ਰੀਮਤੀ ਥੈਚਰ ਨੇ ਬਰਤਾਨੀਆਂ ਦੀ ਮਹਿਮਾਨਨਿਵਾਜ਼ੀ ਦਾ ਨਜਾਇਜ਼ ਲਾਭ ਲੈਣ ਲਈ ਅਤਿਵਾਦੀਆਂ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਉਹ ਬਰਤਾਨੀਆਂ ਨੂੰ ਭਾਂਰਤ ਵਿਰੋਧੀ ਹਿੰਸਕ ਕਾਰਵਾਈਆਂ ਦੇ ਅੱਡੇ ਵਜੋਂ ਵਰਤੇ ਜਾਣ ਦੇ ਸਖਤ ਖਿਲਾਫ ਹਨ। ਉਨ੍ਹਾਂ ਭਰੋਸਾ ਦਿਤਾ ਕਿ ਅਤਿਵਾਦੀਆਂ ਨੂੰ ਭਾਰਤ ਦੇ ਖਿਲਾਫ ਕੋਈ ਹਿੰਸਕ ਕਾਰਵਾਈ ਨਹੀਂ ਕਰਨ ਦਿਤੀ ਜਾਵੇਗੀ।

507 ਮਿੰਟ ਲੰਬੇ ਇੰਟਰਵਿਊ ਵਿਚ ਸ੍ਰੀਮਤੀ ਥੈਚਰ ਦ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਅਤਿਵਾਦੀਆਂ ਵਿਰੁਧ ਬਰਤਾਨਵੀ ਕਾਗ਼ਨਾਂ ਅਨੁਸਾਰ ਹਰ ਸੰਭਵ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਰੋਧੀ ਕਾਰਵਾਈਆਂ ਵਿਚ ਰੁੱਝੇ ਲੋਕਾਂ ਨੂੰ ਬਰਤਾਨੀਆਂ ਤੋਂ ਬੇਦਖਲ ਕੀਤਾ ਜਾਵੇਗਾ ਪਰ ਨਾਲ ਹੀ ਸਪਸ਼ਟ ਕੀਤਾ ਕਿ ਜਿਨ੍ਹਾਂ ਲੋਕਾਂ ਨੇ ਬਰਤਾਨੀਆਂ ਵਿਚ ਪੱਕੇ ਰਿਹਾਇਸ਼ੀ ਅਖਤਿਆਰ ਹਾਸਲ ਕਰ ਲਏ ਹਨ ਉਨ੍ਹਾਂ ਨੂੰ ਇਸ ਦੇਸ਼ 'ਚੋਂ ਕੱਢਣਾ ਸੰਭਵ ਨਹੀਂ। ਸ੍ਰੀਮਤੀ ਥੈਚਰ ਨੇ ਮੰਨਿਆ ਕਿ ਅਤਿਵਾਦੀਆਂ ਦੀਆਂ ਸਰਗਰਮੀਆਂ ਕਾਰਨ ਭਾਰਤ ਤੇ ਬਰਤਾਨੀਆਂ ਦੇ ਆਪਸੀ ਸਬੰਧਾਂ ਵਿਚ ਫਿਕ ਪੈ ਗਈ ਸੀ। ਪਰ ਨਾਲ ਹੀ ਉਨ੍ਹਾਂ ਕਿਹਾ ਕਿ "ਫਿੱਕ ਦਾ ਦੌਰ" ਹੁਣ ਸਮਾਪਤ ਹੋ ਗਿਆ ਹੈ। ਉਨ੍ਹਾਂ ਦਾ ਕਹਿਣਾ ਸੀ, "ਮੈਂ ਭਾਂਰਤ ਦੀ ਚਿੰਤਾ ਨੂੰ ਸਮਝਦੀ ਹਾਂ। ਭਾਰਤ ਨੂੰ ਵੀ ਮੇਰੀ ਚਿੰਤਾ ਸਮਝਣੀ ਚਾਹੀਦੀ ਹੈ।"

ਪੰਜਾਬ ਪੁਲੀਸ ਨੇ ਆਲ ਇੰਡੀਆ ਸੁਰਜੀਤ ਹਾਕੀ ਟਰਾਫੀ ਜਿੱਤੀ

ਜਲੰਧਰ — ਇਥੇ ਕਰਵਾਏ ਗਏ ਦੂਸਰੇ ਆਲ ਇੰਡੀਆ ਸੁਰਜੀਤ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ ਦੇ ਫਾਈਨਲ ਵਿਚ ਪੰਜਾਬ ਪੁਲਸ (ਜਲੰਧਰ) ਨੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਰਾ ਕੇ ਚੈਂਪੀਅਨਸ਼ਿਪ ਜਿੱਤ ਲਈ। ਇਹ ਮੁਕਾਬਲਾ ਬਹੁਤ ਹੀ ਸੰਘਰਸ਼ਮਈ ਸੀ ਪ੍ਰੰਤੂ ਖੇਡ ਦਾ ਲਗਭਗ ਸਾਰਾ ਹੀ ਸਮਾਂ ਪੁਲਸ ਦੀ ਟੀਮ ਬੋਰਡ ਦੀ ਟੀਮ ਉਪਰ ਹਾਵੀ ਹੋਈ ਰਹੀ।

ਅਤਿ ਤੰਗੀ ਵਿਚ ਵਕਤ ਅਜਿਹਾ ਆਪਣੇ ਸਿਰ ਤੇ ਆਇਆ ਹੈ
ਭੁੱਲ ਗਏ ਯਾਰਾਂ ਨੂੰ ਆਪਣੇ ਸਭ ਜਾਣੇ ਪਹਿਚਾਣੇ ਲੋਕ।

ਇੰਗਲੈਂਡ ਵਿਚ ਚਾਰ ਅਤਿਵਾਦੀਆਂ ਉਤੇ ਚਾਰਜ

ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਸ਼ ਰਚਣ ਕਾਰਨ ਚਾਰ ਏਸ਼ੀਅਨਾਂ ਉਤੇ ਦੋਸ਼ ਲਗੇ ਹਨ।

ਸ਼ਰੋਮਣੀ ਕਮੇਟੀ ਦ ਤੇ ਦਲ ਦਾ ਪ੍ਰਧਾਨ ਨਹੀਂ ਬਣਾਂਗਾ — ਟੌਹੜਾ

ਹੁਸ਼ਿਆਰਪੁਰ — ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਂਨ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਕਿਹਾ ਕਿ ਉਹ ਨਾ ਤਾਂ ਸ਼ਰੋਮਣੀ ਕਮੇਟੀ ਅਤੇ ਨਾ ਹੀ ਅਕਾਲੀ ਦਲ ਦੀ ਪ੍ਰਧਾਂਨਗੀ ਦੇ ਦਾਅਵੇਦਾਰ ਹਨ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਿਥੋਂ ਤੱਕ ਅਕਾਲੀ ਦਲ ਦੀ ਲੀਡਰਸ਼ਿਪ ਦਾ ਸਵਾਲ ਹੈ, ਉਸਦਾ ਵਰਤਮਾਨ ਪ੍ਰਬੰਧ ਫਿਲਹਾਲ ਜਾਰੀ ਰਹਿ ਸਕਦਾ ਹੈ। ਸ੍ਰੀ ਟੌਹੜਾ ਦਾ ਕਹਿਣਾ ਸੀ ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੂੰ ਆਪਣੀ ਵਜ਼ਾਰਤ ਵਿਚ ਵਾਧਾ ਕਰਨ ਦੀ ਖੁਲ੍ਹੀ ਛੁੱਟੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੀ ਅਕਾਲੀ ਵਜ਼ਾਰਤ ਨੂੰ ਡੇਗਣ ਦ ਦਾ ਯਤਨ ਨਹੀਂ ਕਰੇਗੀ।

ਪ੍ਰਧਾਨ ਮੰਤਰੀ ਦੇ ਇਸ ਬਿਆਨ ਬਾਰੇ ਪੁੱਛੇ ਜਾਣ 'ਤੇ ਕਿ ਸਰਕਾਰ ਵਿਰੁੱਧ ਜੰਗ ਕਰਨ ਵਾਲਿਆਂ ਨੂੰ ਰਿਹਾਅ ਨਹੀਂ ਕੀਤਾ ਜਾਵੇਗਾ, ਅਕਾਲੀ ਨੇਤਾ ਦਾ ਜਵਾਬ ਸੀ ਕਿ ਲੋਕ ਜਾਣਦੇ ਹੀ ਹਨ ਕਿ ਸੇਵਾਦਾਰਾਂ ਵਰਗੇ ਨਿਰਦੋਸ਼ ਲੋਕਾਂ 'ਤੇ ਸਰਕਾਰ ਵਿਰੁੱਧ ਜੰਗ ਦੇ ਝੂਠੇ ਕੇਸ ਪਾਏ ਗਏ ਹਨ।

ਸਿੱਖ, ਜੈਟ ਸਬੰਧ ਅਜੇ ਸਿੱਧ ਨਹੀਂ ਹੋਇਆ — ਗਾਂਧੀ

ਲੰਡਨ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪਿਛਲੇ ਦਿਨੀਂ ਆਪਣੀ ਲੰਡਨ ਫੇਰੀ ਦੌਰਾਨ ਇਹ ਕਿਹਾ ਕਿ ਜਹਾਜ਼ ਦਾ ਬੰਬ ਧਮਾਕੇ ਨਾਲ ਤਬਾਹ ਹੋਣਾ, ਅਤੇ ਇਸਨੂੰ ਅਤਿਵਾਦੀ ਸਿੱਖਾਂ ਨਾਲ ਜੋੜਨਾ ਅਜੇ ਸਾਬਤ ਨਹੀਂ ਹੋ ਸਕਿਆ। ਇਹਦੇ ਵਾਰੇ ਕਿ ਵੂੰ ਕਹਿ ਸਕਦੇ ਹਾਂ ਜਦੋਂ ਕਿ ਮਾਮਲਾ ਜਾਂਚ ਅਧੀਨ ਹੈ ਅਤੇ ਅਸੀਂ ਕਿਸੇ ਵੀ ਨਤੀਜੇ ਤੇ ਨਹੀਂ ਪਹੁੰਚ ਸਕਦੇ। ਜਦੋਂ ਤੱਕ ਜਾਂਚ ਦੀ ਰਿਪੋਰਟ ਨਹੀਂ ਮਿਲ ਜਾਂਦੀ।

ਛੱਤ ਡਿੱਗਣ ਕਾਰਨ ਮਰਨ ਵਾਲਿਆਂ ਦੀ ਗਿਣਤੀ 71 ਪਹੁੰਚੀ

ਢਾਕਾ — ਬੰਗਾਲ ਖਾੜੀ ਵਿਚੋਂ ਆਏ ਤੂਫਾਨ ਅਤੇ ਭਾਰੀ ਵਰਖਾ ਕਾਰਨ ਢਾਕੇ ਯੂਨੀਵਰਸਿਟੀ ਦੀ ਇਮਾਰਤ ਡਿਗ ਪਈ ਜਿਸਦੇ ਸਿੱਟੇ ਵਜੋਂ 71 ਵਿਦਿਆਰਥੀ ਜਾਨਾਂ ਗੁਆ ਬੈਠੇ।

ਸ਼ਿਸ਼ਟਾਚਾਰ ਦਾ ਭੋਰਾ ਭਰ ਵੀ ਸਾਜ਼ ਜਿਨ੍ਹਾਂ ਨੂੰ ਗਿਆਨ ਨਹੀਂ,
ਆ ਜਾਂਦੇ ਸਮਝਾਵਣ ਸਾਨੂੰ ਬਣ ਕੇ ਬੜੇ ਸਿਆਣੇ ਲੋਕ।

BUY DIRECT FROM IMPORTER

ਭਾਰਤ ਜਾਣ ਤੋਂ ਪਹਿਲਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਜਿਥੇ ਜੰਬੋ ਜੈਟ ਦੇ ਸੂਟ ਕੇਸਾਂ ਦੀ ਸੇਲ ਲੱਗੀ ਹੋਈ ਹੈ, ਸਮਾਨ ਲੈਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਜ਼ਰੂਰ ਚੈਕ ਕਰੋ


ਭਾਰਤ ਦੀ ਬਿਜਲੀ ਤੇ ਚਲਣ ਵਾਲੀਆਂ ਟੇਪ ਰੀਕਾਰਡਰ, ਗਰਾਈਂਡਰ, ਬੈਲੰਡਰ ਤੇ ਬਿਜਲੀ ਦੀਆਂ ਪ੍ਰੈਸ ਤੇ ਹੋਰ ਬਹੁਤ ਸਾਰਾ ਸਮਾਨ

ਘੜੀਆਂ ਹੀ ਘੜੀਆਂ






$39.95




$19.95


ਬਹੁਤ ਕਿਸਮ ਦੇ Tools ਦੀ ਸੇਲ



49.95 110/220



GRINDER & BLENDER
Multi Voltage, Operates on AC /220 volt.
$39.95



AS low as
$4.95



COMPLETE LINE OF:


- HOUSEWARES
- HARDWARE
- CAMPING
- ELECTRONICS
- CLOCKS
- LUGGAGE
- NOVELTY ITEMS
- WATCHES
- AIR TOOLS
- CAR STEREOS
- AND MUCH MORE

SHALIMAR GIFTS LTD.

LONDON LOAN PAWANBROKERS

PH: (604) 685-7050
7 West Hastings, Vancouver, B.C. V6B 1G4

LTD.



19535 Fraser Hwy., Surrey, B.c. Ph. 530-1211

OPEN : MON. TO WED., SAT. 9.30 - 6.00 p.m. THURS. - FRI. 9.30 - 9.00 p.m. SUNDAY 10 - 10.00 - 5.00 p.m.

ਪਾਕਿ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤਮਈ — ਜ਼ਿਆ

ਨਵੀਂ ਦਿੱਲੀ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੇ ਕਿਹਾ ਕਿ ਪਾਕਿਸਤਾਨ ਦਾ ਪ੍ਰਮਾਣੂ ਪਰੋਗਰਾਮ ਬੰਬ ਲਈ ਨਹੀਂ ਸਗੋਂ ਸ਼ਾਂਤੀਪੂਰਨ ਕੰਮਾਂ ਲਈ ਹੈ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਪਰੋਗਰਾਮ ਨੂੰ ਕੋਈ ਵੀ ਤਾਕਤ ਕਿਸੇ ਵੇਲੇ ਵੀ ਗੈਰ ਸ਼ਾਂਤੀਪੂਰਨ ਕੰਮਾਂ ਲਈ ਵਰਤ ਸਕਦੀ ਹੈ। ਜਨਰਲ ਜ਼ਿਆ ਕਿਹਾ ਕਿ ਪਾਕਿਸਤਾਨ ਪ੍ਰਮਾਣੂ ਖੇਤਰ ਵਿਚ ਆਤਮ ਨਿਰਭਰ ਹੋਣਾ ਚਾਹੁੰਦਾ ਹੈ। ਭਰਪੂਰ ਯੂਰੇਨੀਅਮ ਤਿਆਰ ਕਰਨ ਦੀ ਸਮਰਥਾ ਹਾਸਲ ਕਰਨੀ ਉਸੇ ਪਰੋਗਰਾਮ ਦੀ ਇਕ ਕੜੀ ਹੈ।

"ਦਿ ਵੀਕ" ਮੈਗਜ਼ੀਨ ਵਿਚ ਛਪ ਰਹੀ ਇੰਟਰਵਿਊ ਵਿਚ ਉਨ੍ਹਾਂ ਕਿਹਾ ਕਿ ਪਾਕਿਸਤਾਨ ਤਾਂ ਸਾਈਚਿਨ ਦੇ ਮਸਲੇ ਨੂੰ ਵੀ ਗੱਲਬਾਤ ਰਾਹੀਂ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਗਲੇਸ਼ੀਅਰ ਲਈ ਲੜਾਈ ਦਾ ਕੋਈ ਫਾਇਦਾ ਨਹੀਂ ਹੈ। ਉਥੇ ਨਾ ਤਾਂ ਸੋਨੇ ਦੀਆਂ ਖਾਣਾਂ ਹਨ ਅਤੇ ਨਾ ਹੀ ਤੇਲ ਦੇ ਭੰਡਾਰ ਹਨ ਅਤੇ ਨਾ ਹੀ ਬਰਡ ਦਾ ਪ ਬਰਫ ਦਾ ਪਾਣੀ ਹੀ ਪੀਣ ਯੋਗ ਹੈ ਫਿਰ ਲੜਾਈ ਕਿਉਂ? ਇਸ ਲਈ ਮਿਲ ਬੈਠ ਕੇ ਹੱਲ ਲੱਭ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਫੌਜ ਪਿਛੇ ਹਟ ਜਾਵੇਗੀ ਤਾਂ ਅਸੀਂ ਵੀ ਪਿਛੇ ਹਟ ਜਾਵਾਂਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਸਬੰਧ ਸੁਧਾਰਨੇ ਚਾਹੁੰਦਾ ਹੈ।

ਜਨਰਲ ਜ਼ਿਆ ਬੁੱਧਵਾਰ ਨੂੰ ਪੱਛਮੀ ਜਰਮਨੀ ਅਤੇ ਯੂ. ਐਨ. ਓ. ਦੇ ਦੌਰੇ ਲਈ ਰਵਾਨਾ ਹੋ ਰਹੇ ਹਨ। ਉਹ ਆਪਣੇ ਇਸ ਦੌਰੇ ਦੌਰਾਨ ਅਫਗਾਨਿਸਤਾਨ ਵਿਚ ਰੂਸੀ ਫੌਜਾਂ ਦੀ ਮੌਜੂਦਗੀ ਦੇ ਸਵਾਲ ਨੂੰ ਉਠਾਉਣਗੇ। ਇਸ ਵੇਲੇ ਪਾਕਿਸਤਾਨ ਵਿਚ ਕੋਈ ਤੀਹ ਲੱਖ ਅਫਗਾਨ ਸ਼ਰਨਾਰਥੀ ਹਨ। ਇਸ ਦੌਰੇ ਦੌਰਾਨ ਉਹ ਵਿਸ਼ਵ ਦੇ ਹੋਰ ਨੇਤਾਵਾਂ ਨੂੰ ਮਿਲਣਗੇ ਅਤੇ ਅਮਰੀਕੀ ਨੇਤਾਵਾਂ ਨਾਲ ਪਾਕਿਸਤਾਨ ਨੂੰ ਹ ਹੋਰ ਫੌਜੀ ਸਹਾਇਤਾ ਦੇਣ ਦੇ ਸਵਾਲ ਨੂੰ ਵੀ ਉਠਾਉਣਗੇ। ਪਾਕਿਸਤਾਨ ਨੇ ਬੀਤੇ ਦਿਨੀਂ ਅਮਰੀਕਾ ਤੋਂ 6.5 ਅਰਬ ਡਾਲਰ ਦੀ ਆਰਥਿਕ ਅਤੇ ਫੌਜੀ ਸਹਾਇਤਾ ਮੰਗੀ ਹੈ।



ਇਹ ਹਥਿਆਰ ਅਸਲ ਵਿਚ ਅਫਗਾਨਿਸਤਾਨ ਦੀ ਸਰਹੱਦ ਵਲ ਵਰਤੇ ਜਾਣੇ ਹਨ। ਤੁਹਾਡੀ ਹੱਦ 'ਤੇ ਤਾਂ ਇਹ ਸਿਰਫ ਜਮ੍ਹਾਂ ਹੀ ਕੀਤੇ ਜਾਣੇ ਹਨ।

ਸੂਝ ਬੂਝ ਦੀਆਂ ਗੱਲਾਂ ਛਡੋ, ਬੇਸਮਝਿਆਂ ਦਾ ਜ਼ਿਕਰ ਕਰੋ,
ਦੁਨੀਆਂ ਨੂੰ ਜੋ ਕਮਲੇ ਜਾਪਣ, ਚੰਗੇ ਨੇ ਦੀਵਾਨੇ ਲੋਕ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਭਾਰਤੀ ਹਾਈ ਕਮਸ਼ਨਰ ਦੇ ਦਫਤਰ ਤੱਕ .. ਇ: ਕ: ਟਾ:)
— ਪਹੁੰਚਣ ਲਈ ਓੜਕ ਕੋਈ ਵਿਚੋਲਾ ਲੱਭ ਹੀ ਲਿਆ।

- ਅਕਾਲੀ ਵਜ਼ੀਰਾਂ ਦੀ ਰੱਖਿਆ ਦਾ ਇੰਤਜ਼ਾਮ ... (ਇ: ਕ: ਟਾ:)
— ਕਰਨ ਲਈ ਤੁਹਾਡੇ ਕੋਲੋਂ ਕਿਸ ਨੇ ਸਲਾਹ ਮੰਗੀ ਹੈ?

- ਮੇਰੀ ਸਰਕਾਰ ਪੰਜਾਬ ਵਿਚ ....(ਮੁਖ ਮੰਤਰੀ, ਸ. ਸ. ਬਰਨਾਲਾ)
— ਧਰਮ ਤੇ ਸਿਆਸਤ ਦਾ ਘਚੋਲਾ ਜਾਰੀ ਰੱਖੇਗੀ ਤਾਂ ਜੋ ਗੁਜਾਰੇ ਜੋਗੀ ਫਿਰਕਾਪ੍ਰਸਤੀ ਮਘਦੀ ਰਹੇ।

- ਰਾਜੀਵ-ਲੌਂਗੋਵਾਲ ਸਮਝੌਤਾ ਬੜੀ ਦੂਰ ਦਰਸ਼ਨਾਂ ਦਾ ਸਮਝੌਤਾ ਹੈ (ਇ: ਕ: ਟਾ:)
— ਐਵੇਂ ਹੀ ਸਮਝੌਤੇ ਦੇ ਗੁਣ ਗਾਉਣੇ ਸ਼ੁਰੂ ਕਰ ਦਿੱਤੇ ਨੇ ਕਿ ਕੁਝ ਪਲੇ ਵੀ ਪਿਆ ਹੈ?

- ਸਿਖ ਫੌਜੀਆਂ ਦੇ ਖਿਲਾਫ ਕੋਰਟ ਮਾਰਸ਼ਲ ਕੇਸ ਚਲ ਰਿਹਾ ਹੈ! (ਇ: ਕ: ਟਾ:)
— ਤੂੰ ਕੈਨੇਡਾ ਵਿਚ ਸੁਰੱਖਿਅਤ ਹੈਂ ਜਿਨਾ ਚਿਰ ਮੁਜਰਮਾਂ ਨੂੰ ਲੈਣ-ਦੇਣ ਦੀ ਭਾਰਤ-ਕੈਨੇਡਾ ਸੰਧੀ ਤੇ ਦਸਤਖਤ ਨਹੀਂ ਹੁੰਦੇ। ਫਿਰ ਵੀ ਤੇਰਾ ਦਿ ਜਿੰਦਾ ਸ਼ਹੀਦ ਤੇਰੇ ਨਾਲ ਹੀ ਹੋਵੇਗਾ, ਐਵੇਂ ਚਿਰਕੀ ਨਾ ਚਾਹ।

- ਪਾਠਕਾਂ ਲਈ ਜ਼ਰੂਰੀ ਸੂਚਨਾ (ਇ: ਕ: ਟਾ:)
— ਇਹ ਕੋਈ ਸੂਚਨਾ? ਨਿਰਾ ਕੋਰਾ ਝੂਠ ਹੈ। ਇੰਡੀਆ ਇੰਗਲੈਂਡ ਦੀਆਂ ਅਖਬਾਰਾਂ ਚੋਂ ਕਾਰਟੂਨ ਕੱਟਕੇ ਚਿਪਕਾ ਦਿੰਦਾ ਏਂ। ਇਵੇਂ ਹੀ ਇੰਡੀਆ ਤੋਂ ਡਾਕ ਵਿਚ ਆਏ ਅਖਬਾਰੀ ਕਟਿੰਗ ਲੇਖ, ਨਵੇਂ ਸਿਰਿਓਂ ਟਾਈਪ ਸੈਟ ਕਰਕੇ ਚਿਪਕਾ ਦਿੰਦਾ ਏਂ, ਇਹ ਤਾਂ ਮੰਨ ਸਕਦੇ ਹਾਂ ਕਿ ਹਰ ਹਫਤੇ ਨਵੀਂ ਕੈਂਚੀ ਤੇ ਗਲੂ ਦਾ ਖਰਚ ਵੱਧ ਗਿਆ ਹੈ।

- ਪੰਨੇ 24 ਤੋਂ ਵਧਾ ਕੇ 36 ਕਰ ਦਿੱਤੇ (ਇ: ਕ: ਟਾ:)
— ਭਾਵੇਂ 50 ਕਰ ਦੇ, ਵਿਚੋਂ ਤਾਂ ਜਨੂੰਨੀ-ਨਫਰਤ ਦਾ ਬੈਂਗਣੀ ਰੰਗ ਹੀ ਉਘੜਦਾ ਹੈ।

- ਅਕਾਲ ਤਖਤ ਦੇ ਜਥੇਦਾਰ ... ਹੈਡ ਗਰੰਥੀ ਦਰਬਾਰ ਸਾਹਿਬ ... ਦੇ ਖਿਲਾਫ ਉਨ੍ਹਾਂ ਦੀ ਧਾਂਰਮਕ ਪੱਖੋਂ ਨਿਕੰਮੀਆਂ ਗਵਾਹੀਆਂ ਕਾਰਨ ... ਫੈਡਰੇਸ਼ਨ ਦੋਹਾਂ ਧਾਂਰਮਿਕ ਮੁਖੀਆਂ ਨੂੰ ਬਦਲਨਾ ਚਾਹੁੰਦੀ ਹੈ। (ਇ: ਕ: ਟਾ:)
— ਜੰਝ ਕੁਪੱਤੀ ਸੁਥਰਾ ਭਲਾਮਾਣਸ।

- 14 ਅਕਤੂਬਰ ਐਤਵਾਰ ਦਾ ਦਿਨ ਸੀ। (ਜੰਡਿਆਲਵੀ ਰੀਪੋਰਟ — ਇ: ਕ: ਟਾ:)
— ਕਹਿਰ ਸਾਈਂ ਦਾ। ਇੰਨਾ ਵੱਡਾ ਝੂਠ। ਕੈਲੰਡਰ ਛਾਪਣ ਦਾ ਹੀ ਸ਼ੌਕ ਹੈ ਕਿ ਕਦੀ ਦੇਖਣ ਦੀ ਵੀ ਖੇਚਲ ਕੀਤੀ ਹੈ। 14 ਅਕਤੂਬਰ 'ਸੋਮਵਾਰ' ਸੀ, ਲਪੌਟ ਸੰਖ ਜੀ!

- ਇਕੁਆਡੋਰਜ 'ਚ ... ਖਾਲਿਸਤਾਨ ਦੀ ਅੰਬੈਂਸੀ ਖੁੱਲ ਗਈ! (ਇ: ਕ: ਟਾ:)
— ਕੈਨੇਡਾ-ਇੰਗਲੈਂਡ ਛੱਡ ਕੇ ਤਾਂ ਜਾਣਾ ਕਿਸ ਨੇ ਹੈ, ਮਾੜੀ ਕਿਸਮਤ ਭਾਰਤ ਵਿਚ ਦੇ ਪੰਜਾਬੀਆਂ ਦੀ ਜਿਨ੍ਹਾਂ ਟਰੈਵਲ ਏਜੰਟਾਂ ਅਤੇ ਖਾਲਿਸਤਾਨੀ: ਵਿਚੋਲਿਆਂ ਹੱਥੋਂ ਲੁੱਟ ਹੋਣਾ ਹੈ।

- ਗੁਰੂ ਨਾਨਕ ਸਿਖ ਟੈਂਪਲ ਸਰ੍ਹੀ ਵਿਚ 'ਕੁਰਸੀ' ਦੀ ਲੜਾਈ ਕੁਰਸੀਆਂ ਨਾਲ (ਕੈ: ਦਰਪਣ)
— ਜਾਪਦਾ ਹੈ ਕਿ 'ਬਾਬੇ ਦਲ' ਦਾ ਇਹ ਪੋਤਾ ਦਲ ਅਕਲੋਂ ਥਿੜਕ ਗਿਆ ਹੈ, ਨਹੀਂ ਤੇ ਇਸ ਨੂੰ ਗੁਰਦੁਆਰਾ ਚੋਣਾਂ ਦਾ 'ਬਾਈਕਾਟ' ਕਰਨਾ ਚਾਹੀਦਾ ਸੀ।

- ... ਲਗ ਪਗ 'ਦੀਵਾਲਾ ਨਿਕਲ' ਚੁੱਕਾ ਹੈ (ਕੈ: ਦਰਪਣ)
— — ਹਾਂ, ਹਾਂ, ਹਰ ਇੰਡੀਆ ਤੋਂ ਮੁੜਨ ਵਾਲਾ ਇਹੋ ਖਬਰ ਸੁਣਾਂਦਾ ਹੈ, ਕਿ ਪੰਜਾਬ ਸਮਝੌਤਾ ਹੋਣ ਅਤੇ ਚੋਣਾਂ ਹੋਣ ਨਾਲ ਪੰਜਾਬ ਵਿਚ ਵਖਵਾਦੀਆਂ ਦਾ ਪੂਰਾ ਹੀ ਦਿਵਾਲਾ ਨਿਕਲ ਚੁਕਾ ਹੈ ਕਿ।

- ਅਤਿਵਾਦ ਨੂੰ ਦਬਾਉਣ ਲਈ ਇੰਗਲੈਂਡ ਪੂਰੀ ਵਾਹ ਲਾ ਰਿਹਾ ਹੈ (ਕੈ: ਦਰਪਣ)
— — ਫਿਰ ਵੀ ਬਿੱਲਾ ਅੰਗਰੇਜ਼ ਸ਼ੈਤਾਨ ਹੈ, ਪਹਿਲਾਂ ਉਨ੍ਹਾਂ ਨੂੰ ਚੁੰਦਾ ਰਿਹਾ, ਹੁਣ ਜਦੋਂ ਉਨ੍ਹਾਂ ਦਾ ਬੋਅ ਕਾਟਾ ਹੋ ਗਿਆ ਹੁਣ ਜੇਲ੍ਹੀਂ ਡੱਕਣ ਲੱਗ ਗਿਆ ਹੈ।

- ਗੁਰੂ ਘਰਾਂ ਵਿਚ ਹਿੰਸਾ ਦਾ ਵਾਪਰਨਾ ਸਮੁੱਚੀ ਕਮਿਊਨਿਟੀ ਲਈ ਸ਼ਰਮ ਵਾਲੀ ਗੱਲ ਹੈ (ਕੈ: ਦਰਪਣ)
— — ਜਿਥੇ ਰਾਜਨੀਤੀ ਜਾਵੇਗੀ ਉਥੇ ਦੰਗਾ ਫਸਾਦ ਤਾਂ ਜਾਣਾ ਹੀ ਹੋਇਆ। ਭਾਵ ਅਰਥ ਇਹੋ ਕਿ ਸਿੱਖ ਧਰਮ ਤੇ ਸਿਆਸਤ ਨੂੰ ਇਕੋ ਥਾਂ ਨਰੜਨ ਦਾ ਇਹੋ ਨਤੀਜਾ ਨਿਕਲੇਗਾ।

- ਮੇਜਰ ਸਿੰਘ ਓਬੋਕੇ ਨੇ ਰਈਆ ਮੰਡੀ 'ਚ ਛਾਪਾ ਮਾਰਿਆ (ਕੈ: ਦਰਪਣ)
— ਭਾਊ ਨੇ ਅੜਕੇ ਵਜ਼ੀਰੀ ਲਈ ਏ, ਕੁਲ ਕੁਝ ਤਾਂ ਕਰ ਦਿਖਾਣਾ ਹੀ ਹੋਇਆ ਨਾ।

- ਕੇਵਲ ਅਕਾਲੀ ਦਲ ਹੀ ਪੰਜਾਬ ਵਿਚ ਸਥਾਈ ਰੂਪ ਵਿਚ ਫਿਰਕੂ ਸਦਭਾਵਨਾ ਵਾਲਾ ਮਾਹੌਲ ਪੈਦਾ ਕਰ ਸਕਦਾ ਹੈ (ਜਥੇਦਾਰ ਗੁਰਮੇਜ ਸਿੰਘ ਤੂੰਬੜ ਭੰਨ)
— ਤੂੰਬੜ ਭੰਨ ਜੀ ਤੁਸੀਂ ਤਾਂ ਸਾਰੇ ਅੰਦਰਲੇ ਭੇਤ ਦਾ ਤੂੰਬੜ ਭੰਨ ਦਿਤਾ ਹੈ ਕਿ ਫਿਰਕਾਪ੍ਰਸਤੀ ਜਾਂ ਫਿਰਕੂ ਸਦਭਾਵਨਾ ਦੋਵੇਂ ਹੀ ਅਕਾਲੀ ਦਲ ਦੀਆਂ ਢੱਡਾਂ ਹਨ, ਜੇ ਰਾਜ ਖੁਸ ਜਾਵੇ ਤਾਂ ਫਿਰਕੂ ਜਾਂ ਆ ਜਾਵੇ ਤਾਂ ਅਫਿਰਕੂ ਢੱਡ ਬਜਾਉਣ ਲਗ ਪੈਂਦੇ ਹਨ।

- ਵਿਕਾਸ ਸ਼ੀਲ ਦੇਸ਼ਾਂ ਲਈ ਮਾਲੀ ਸਥਿਤੀ ਮਜ਼ਬੂਤ ਕਰਨ ਤੇ ਜ਼ੋਰ (ਵਰਡ ਬੈਂਕ)
— ਕਿਸਾਈ ਇਹੋ ਲੋਚਦਾ ਹੈ ਕਿ ਸ਼ੈ"ਲਿਆਂ ਤੇ ਚੱਜ ਹਾਲ ਦਾ ਮਾਸ ਹੋਵੇ।

- ਅਮਰੀਕਾ ਦੀ ਸਦਾ ਕੋਸ਼ਿਸ਼ ਰਹੀ ਹੈ —(ਕੈ: ਦਰਪਣ)
— ਕਿ ਕਿਸੇ ਨਾ ਕਿਸੇ ਢੰਗ ਨਾਲ ਇੰਡੀਆ ਦੇ ਟੁਕੜੇ ਟੁਕੜੇ ਹੋ ਜਾਣ।

- ਪ੍ਰਬੰਧਕੀ ਧੜੇ ਦਾ ਕਹਿਣਾ ਹੈ (ਇ: ਕ: ਟਾ:)
— ਕਿ ਫਿਰਕੂ ਅਖਬਾਰਾਂ ਦੇ ਵਿਚੋਲੇ ਨੇ ਕਿਹਾ ਹੈ ਕਿ ਹੱਥ ਗਰਮ ਕਰੋ ਸਭ ਠੀਕ ਠਾਕ ਕਰਵਾ ਦਿਆਂਗਾ।

ਜੈਵਰਧਨੇ ਸਮਝੌਤੇ ਲਈ ਯਤਨਸ਼ੀਲ

ਕੋਲੰਬੋ — ਸ੍ਰੀ ਲੰਕਾ ਦੇ ਰਾਸ਼ਟਰਪਤੀ ਜੈਵਰਧਨੇ ਨੇ ਕੱਟੜ ਸਿੰਹਾਲੀਆਂ ਨੂੰ ਮਨਾਉਣ ਦੇ ਯਤਨ ਸ਼ੁਰੂ ਕਰ ਦਿਤੇ ਹਨ। ਨਸਲੀ ਮਸਲੇ ਦਾ ਹੱਲ ਲੱਭਣ ਲਈ ਰਾਸ਼ਟਰਪਤੀ ਕਾਫੀ ਸਰਗਰਮ ਹੋ ਗਏ ਹਨ ਅਤੇ ਉਹ ਸਮਝੌਤਾ ਵਿਰੋਧੀ ਕੱਟੜਪੰਥੀਆਂ ਦੇ ਧੜੇ ਵਿਚ ਪਾੜ ਪਾਉਣ ਵਿਚ ਕਾਫੀ ਹੱਦ ਤੱਕ ਸਫਲ ਹੋ ਗਏ ਹਨ। ਰਾਸ਼ਟਰਪਤੀ ਅਤੇ ਉਨ੍ਹਾਂ ਦੇ ਮੰਤਰੀ ਇਸ ਸਬੰਧ ਵਿਚ ਮੀਟਿੰਗਾਂ ਅਤੇ ਸੈਮੀਨਾਰ ਕਰ ਰਹੇ ਹਨ ਅਤੇ ਲੋਕ ਰਾਏ ਲਾਮਬੰਦ ਕਰਨ ਦੇ ਯਤਨ ਕਰ ਰਹੇ ਹਨ। ਰਾਸ਼ਟਰਪਤੀ ਦੇ ਯਤਨਾਂ ਦਾ ਨਤੀਜਾ ਇਹ ਹੋਇਆ ਹੈ ਕਿ ਕੁਝ ਚੋਟੀ ਦੇ ਬੋਧੀ ਨਗ਼ਤਾਵਾਂ ਨੇ ਰਾਸ਼ਟਯਪਤੀ ਨੂੰ ਸਮਰਥਨ ਦੇਣਾ ਸ਼ੁਰੂ ਕਰ ਦਿ ਤਾ ਹੈ। ਪਹਿਲਾਂ ਜਿਥੇ ਸਿੰਹਾਲੀ ਬਹੁਮਤ ਦੇ ਨੇਤਾ ਤਾਮਿਲਾਂ ਲਈ ਜ਼ਿਲਾ ਕੌਂਸਲਾਂ ਤੋਂ ਵੱਧ ਕੁਝ ਵੀ ਦੇਣ ਲਈ ਤਿਆਰ ਨਹੀਂ ਸਨ ਉਥੇ ਹੁਣ ਉਹ ਇਸ ਤੋਂ ਅੱਗੇ ਜਾਣ ਲਈ ਤਿਆਰ ਹੋ ਗਏ ਜਾਪਦੇ ਹਨ।

ਪੁਲੀਸਮੈਨ ਦੇ ਕਤਲ ਵਿਚ 13 ਸਾਲਾ ਯੁਵਕ ਦੋਸ਼ੀ

ਲੰਡਨ — ਇਕ ਤੇਰ੍ਹਾਂ ਸਾਲਾ ਗੋਰਾ ਯੁਵਕ ਲੰਡਨ ਵਿਚ ਹੋਏ ਇਕ ਦੰਗੇ ਵਿਚ ਪੁਲਸ ਅਫਸਰ ਨੂੰ ਕਤਲ ਕਰਨ ਦਾ ਦੋਸ਼ੀ। ਤਿੰਨ ਕਾਲੇ ਯੁਵਕਾਂ ਉਥਤੇ ਵੀ ਕੇਸ ਦਰਜ।

ਨੌਜਵਾਨ ਸਰਕਾਰ ਨੂੰ ਸਹਿਯੋਗ ਦੇਣ — ਸਿਖਿਆ ਮੰਤਰੀ

ਜਲੰਧਰ — ਪੰਜਾਬ ਦੇ ਸਿਖਿਆ ਮੰਤਰੀ ਸ੍ਰੀ ਸੁਖਜਿੰਦਰ ਸਿੰਘ ਨੇ ਨੌਜਵਾਨਾਂ ਨੂੰ ਕਿਹਾ ਕਿ ਉਹ ਪੰਜਾਬ ਦੇ ਵਿਕਾਸ ਅਤੇ ਫਿਰਕੂ ਸਦਭਾਵਨਾ ਲਈ ਸਰਕਾਰ ਨੂੰ ਮਿਲਵਰਤਨ ਦੇਣ। ਇਥੇ ਸਿੰਘ ਸਭਾ ਗੁਰਦੁਆਰਾ ਵਿਚ ਇਕ ਸਮਾਗਮ ਵਿਚ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੌਜਵਾਨਾਂ ਦਾ ਵਿ ਸ਼ਵਾਸ਼ ਜਿੱਤਣ ਲਈ ਹਰ ਸੰਭਵ ਕਾਰਵਾਈ ਕਰ ਰਹੀ ਹੈ।

ਸਿਖਿਆ ਮੰਤਰੀ ਨੇ ਕਿਹਾ ਕਿ ਅਕਾਲੀ ਸਰਕਾਰ ਚੋਣਾਂ ਵਿਚ ਕੀਤੇ ਵਾਅਦੇ ਪੂਰੇ ਕਰੇਗੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਵਿਖਾਏ ਰਾਹ 'ਤੇ ਚਲਦੀ ਰਹੇਗੀ। ਉਨ੍ਹਾਂ ਨੇ ਚੋਣਾਂ ਵਿਚ ਦਲ ਨੂੰ ਜਿਤਾਉਣ ਲਈ ਪੰਜਾਬ ਦੇ ਸਭਨਾਂ ਵਰਗਾਂ ਖਾਸ ਕਰ ਕੇ ਹਿੰਦੂਆਂ, ਹਰੀਜਨਾਂ ਅਤੇ ਇਸਾਈਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਫਿਰਕੂ ਸਦਭਾਵਨਾ ਨੂੰ ਬਹੁਤ ਅਹਿਮੀਅਤ ਦੇ ਰਹੀ ਹੈ ਅਤੇ ਸਾਰਿਆਂ ਨਾਲ ਬਿਨਾਂ ਕਿਸੇ ਭੇਦ ਭਾਵ ਦੇ ਇਕੋ ਜਿਹਾ ਵਰਤਾਓ ਕਰੇਗੀ।

ਸਾ ਹਿ ਤ ਦ ਰ ਪ ਣ

ਕਹਾਣੀ:

ਗੰਦਲ ਵਰਗੀ ਕੁੜੀ

—ਹਰੀਪਾਲ

ਨ੍ਹਾ ਉਹਦੀਆਂ ਅੱਖਾਂ ਇਨੀਆਂ ਨੀਵੀਆਂ ਹੁੰਦੀਆਂ ਕਿ ਪੈਰਾਂ 'ਚ ਹੀ ਗੱਡੀਆਂ ਰਹਿੰਦੀਆਂ। ਨਾ ਇਨੀਆਂ ਉਚੀਆਂ ਚੁੱਕੀਆਂ ਹੁੰਦੀਆਂ ਕਿ ਸਾਹਮਣੇ ਆਉਣ ਵਾਲੇ ਦੇ ਤੀਰ ਵਾਂਗ ਖੁਭਦੀਆਂ। ਉਹਦੇ ਸਾਹਮਣੇ ਆਉਣ ਵਾਲਾ ਵੀ ਕਿਆਸੇ ਹੀ ਲਾਉਂਦਾ ਕਿ ਸ਼ਾਇਦ ਇਹ ਉਸ ਵੱਲ ਵਧਦੀਆਂ। ਇਸ ਕਰਕੇ ਹੀ ਉਸਦੇ ਮੂੰਹ ਤੇ ਜਕੋਤੱਕੀ ਜਿਹੀ ਆਪਣੇ ਆਪ ਨੂੰ ਵਿਖਾਲਣਾ ਆਉਂਦੀ ਤੇ ਉਹ ਆਪਣੇ ਮੂੰਹ ਨੂੰ ਥੋੜਾ ਜਿਹਾ ਸੰਵਾਰ ਨ ਦੀ ਕੋਸ਼ਿਸ਼ ਕਰਦਾ। ਇਹੀ ਹਾਲ ਪਾਸੀਂ ਕੰਧਾਂ ਨਾਲ ਖੜਿਆਂ ਦਾ ਹੁੰਦਾ। ਨਾ ਇਹ ਅੱਖਾਂ ਕਿਸੇ ਨੂੰ ਮਾਰਦੀਆਂ ਤੇ ਨਾ ਹੀ ਛੱਡਦੀਆਂ। ਸਿਆਲ ਦੀ ਰੁਤ ਹਰ ਰੋਜ਼ ਸ਼ਾਮ ਉਸਦਾ ਫੇਰਾ। ਜਦੋਂ ਉਹ ਬਰਸੀਨ ਲੈਣ ਜਾਂਦੀ ਉਦੋਂ ਵੀ ਜਦੋਂ ਉਹਨੇ ਮੁੜ ਕੇ ਆਉਣਾ ਹੁੰਦਾ ਉਥੋਂ ਵੀ ਮੁੱਛ ਫੁਟ ਜੁਆਨੀ ਉਹਦੇ ਇਕ ਝਲਕਾਰੇ ਦੀ ਖਾਤਰ ਨਾਈਆਂ ਦੇ ਮੋੜ ਤੇ ਖੜੀ ਰਹਿੰਦੀ। ਕੋਈ ਜੁਆਕਾਂ ਨਾਲ ਉਚਾ ਬੋਲਕੇ ਜਿਹੜੇ ਉਥੇ ਬੈਂਟੇ ਖੇਡਦੇ ਸਨ ਜਾਂ ਕੋਈ ਬਹੁਤਾ ਹੀ ਸ਼ਰੀਫ ਬਣਕੇ ਜੁਆਕਾਂ ਦਾ ਗੋਲੀਆਂ ਪਿੱਛੇ ਪਿਆ ਰੌਲਾ ਬੰਦ ਕਰਾਕੇ ਆਪ ਦੀ ਹੋਂਦ ਜਤਾਉਂਦਾ, ਪਰ ਉਸ ਦਾ ਧਿਆਨ ਕਦੇ ਨਾ ਥਿੜਕਦਾ, ਨਾ ਹੀ ਉਸਦੀ ਚਾਲ ਵਿਚ ਕੋਈ ਫਰਕ ਪੈਂਦਾ।

ਸਕੂਲੋਂ ਆ ਕੇ ਸਾਰਾ ਦਿਨ ਉਹ ਆਪਦੀ ਮਾਂ ਨਾਲਡ ਘਰ ਦਾ ਕੰਮ ਕਰਾਉਂਦੀ। ਸ਼ਾਮ ਹੋਈ ਨੀ ਤੇ ਉਸਨੇ ਦਾਤੀ ਰੱਸਾ ਚੁੱਕਿਆ ਨਹੀਂ। ਜਦ ਉਹ ਬਰਸੀਨ ਵੱਢ ਰਹੀ ਹੁੰਦੀ ਤਾਂ ਕਿਸੇ ਨਾ ਕਿਸੇ ਨੇ ਪਹੀ ਤੋਂ ਦੀ ਐਵੇਂ ਹੀ ਲੰਘਕੇ ਜਾਣਾ ਬਈ ਸ਼ਾਇਦ ਭਰੀ ਚਕਾਉਣ ਨੂੰ ਹਾਕ ਮਾਰ ਲਵੇ। ਪਰ ਉਹ ਤਾਂ ਚੰਗੀ ਭਾਰੀ ਲਗਦੀ ਭਰੀ ਨੂੰ ਵੀ ਆਪ ਹੀ ਚੁੱਕ ਲੈਂਦੀ ਸੀ। ਪਹੀ ਤੋਂ ਦੀ ਮਾਰਿਆ ਗੇੜਾ ਅਗਲੇ ਦਾ ਐਵੇਂ ਹੀ ਜਾਂਦਾ। ਪਰ ਫੇਰ ਵੀ ਪਹੀ ਤੋਂ ਦੀ ਬਿਨਾਂ ਮਤਲਬ ਕੋਈ ਨਾ ਕੋਈ ਗੇੜਾ ਵੱਜਦਾ ਤੇ ਨਾ ਹੀ ਉਹ ਮੱਦਦ ਲਈ ਆਵਾਜ਼ ਮਾਰਦੀ। ਰਾਹ ਜਾਂਦੀ ਆਉਂਦੀ ਕਿਸੇ ਦੀ ਮਾਂ ਜਾਂ ਭੈਣ ਭਰਜਾਈ ਨਾਲ ਗੱਲ ਕਰਦੀ ਤਾਂ ਅਗਲੇ ਦਾ ਧਿਆਨ ਕਿਤਾਬਾਂ ਦੀ ਬਜਾਏ ਉਸਦੇ ਵੱਲ ਜਾਂ ਉਸਦੀਆਂ ਗੱਲਾਂ ਵੱਲ ਹੀ ਹੁੰਦਾ। ਸਕੂਲ ਵਿਚ ਕੀ ਕੁਝ ਇਸੇ ਤਰ੍ਹਾਂ ਸੀ। ਦਸਵੀਂ ਵਿਚ ਜਦੋਂ ਉਹ ਪੜ੍ਹਦੀ ਸੀ ਤਾਂ ਉਸ ਵੱਲ ਮਜਾਲ ਹੈ ਕੋਈ ਨੌਵੀਂ ਜਾਂ ਅਠਵੀਂ ਵਾਲਾ ਮੁੰਡਾ ਝਾਕ ਝਾਕਣ ਦੀ ਕੋਸ਼ਿਸ਼ ਕਰੇ। ਦਸਵੀਂ ਵਾਲੇ ਮੁੰਡੇ ਉਸਨੂੰ ਜਮਾਤ ਦੀ ਇੱਜ਼ਤ ਅਣਖ ਸਮਝਦੇ ਸਨ।

ਪਿਉ ਉਸਦਾ ਹੱਦ ਦਰਜੇ ਦਾ ਕੰਜੂਸ ਸੀ। ਮੱਝ ਦਾ ਤੀਏ ਡੰਗ ਦਿਤਾ ਹੋਇਆ ਦੁਧ ਵੀ ਉਹ ਡੇਅਰੀ ਪਾਉਣ ਦੀ ਕੋਸ਼ਿਸ਼ ਕਰਦਾ। ਜੇ ਘੁੱਟ ਦੁਧ ਪੀਣ ਨੂੰ ਦਿੰਦਾ ਹੋਵੇ ਤਾਂ ਸ਼ਾਇਦ ਮੁੰਡੇ ਨੂੰ ਹੀ ਪਰ ਉਸ ਦਾ ਹੁਸਨ ਤਾਂ ਰੱਬੀ ਦਾਤ ਸੀ। ਉਹ ਕਿਹੜੇ ਦੁਧ ਦ ਉਹਨੂੰ ਕਿਹੜੇ ਦੋਧ ਦੀ ਲੋੜ ਸੀ। ਪਿੰਡ ਤਾਂ ਕੀ ਉਸਦੀ ਪੱਤੀ ਦੇ ਮੁੰਡੇ ਵੀ ਹਾਉਕਾ ਭਰਦੇ ਮਾਰ ਜਾਣੀ ਕਿਸੇ ਹੋਰ ਪਿੰਡ ਜੰਮੀ ਹੁੰਦੀ! ਪਿੰਡ ਦੀ ਕੁੜੀ ਨਾਲ ਕਿਹੜਾ ਕਿਸੇ ਦਾ ਵਿਆਹ ਹੁੰਦਾ ਹੈ ਖਾਸ ਕਰਕੇ ਦਰਮਿਆਨੀ ਜੱਟ ਪੀੜ੍ਹੀ ਵਿਚ। ਹਾਂ ਵੱਡੇ ਘਰਾਂ ਲਈ ਤਾਂ ਸਭ ਕੁਝ ਮਾਫ ਹੀ ਮਾਫ ਹੈ। ਘਰਾਂ 'ਚ ਲਗਦੀ ਭੂਆ ਜਾਂ ਭੈਣਾਂ ਆਪਦੇ ਦਿਉਰਾਂ ਨਾਲ ਉਸਦੇ ਹੁਸਨ ਨੂੰ ਮੇਲ ਕੇ ਉਹਦੀ ਮਾਂ ਨਾਲ ਬਹੁਤੇ ਹੀਹ ਪਿਆਰ ਦੀ ਸਾਂਝ ਵਧਾਈ ਰੱਖਦੀਆਂ।

ਜਦ ਉਹ ਦਸਵੀਂ ਪਾਸ ਕਰਕੇ ਹਟੀ ਤਾਂ ਪਿਉ ਨੇ ਔਖਾਂ ਸੌਖਾਂ ਕਰਦਿਆਂ ਕਾਲਜ ਪੜ੍ਹਨ ਲਾ ਦਿੱਤੀ। ਕਾਲਜ ਨੂੰ ਵੀ ਆਉਂਦੀ ਜਾਂਦੀ ਦਾ ਉਸ ਦਾ ਤੌਰ ਤਰੀਕਾ ਉਹੀ ਹੁੰਦਾ। ਪਰੈਪ ਵਿਚ ਪੜ੍ਹਦੀ ਨੂੰ ਹੀ ਸੀਨੀਅਰ ਮੁੰਡੇ ਹਸਰਤ ਭਰੀਆਂ ਨਿਗਾਹਾਂ ਨਾਲ ਦਖਦੇ। ਇਕ ਵਾਰ ਕੁਝ ਕੁੜੀਆਂ ਨਾਲ ਕਾਲਜ ਦੇ ਗੇਟੋਂ ਅੰਦਰ ਹੋ ਰਹੀ ਸੀ ਕਿ ਕਿਸੇ ਮੁੰਡੇ ਤੋਂ ਰਿਹਾ ਨਾ ਗਿਆ, "ਸ਼ਿਵ ਯਾਰ ਕਿਹੜੀ ਕਵਿਤਾ ਦੀ ਤਲਾਸ਼ ਵਿਚ ਮਰ ਗਿਆ ਅੱਜ ਜੇ ਸ਼ਿਵ ਜਿਉਂਦਾ ਹੁੰਦਾ" ਬਸ ਫਿਰ ਕੀ ਸੀ ਨਾਲ ਦੀਆਂ ਕੁੜੀਆਂ ਨੇ ਵੀ ਉਸਨੂੰ ਕਵਿਤਾ ਕਹਿਣਾ ਸ਼ੁਰੂ ਕਰ ਦਿੱਤਾ। ਪਿੰਡ ਦੀ ਸਧਾਰਨ ਕੀਤੋ ਕਾਲਜ ਵਿਚ ਕਵਿਤਾ ਬਣ ਗਈ। ਪਿੰਡ ਭਲਾ ਖਬਰ ਕਿਵੇਂ ਨਾ ਪਹੁੰਚੇ। ਧੀਰਖਾ ਨੇ ਝੱਟ ਖਬਰ ਪਿੰਡ ਭੇਜ ਦਿਤੀ। ਪਿੰਡ ਬੜੀ ਬਹੁਤ ਬੁੜ ਬੁੜ ਹੋਈ ਪਰ ਬਹੁਤਾ ਵਰੋਲਾ ਨਾ ਬਣਿਆ। ਪਰ ਵਿਹਦਾ ਅਸਰ ਇੰਨ੍ਹਾਂ ਕੁ ਹੋਇਆ ਕਿ ਹੁਸਨ ਸਮਾਜ ਨੂੰ ਥੋੜਾ ਜਿਹਾ ਖੜਕ ਗਿਆ ਸੀ।

ਇਹ ਗੱਲ ਨੂੰ ਅਜੇ ਬਹੁਤਾ ਚਿਰ ਹੋਇਆ ਨਹੀਂ ਸੀ ਕਿ ਸਰਦਾਰਾਂ ਦੀ ਕੁੜੀ ਨੂੰ ਕੋਈ ਮੁੰਡਾ ਦੇਖਣ ਆਇਆ। ਮੁੰਡਾ ਚੰਗਾ ਪੜ੍ਹਿਆ ਲਿਖਿਆ ਜਵਾਨ ਸੀ ਸਰਦਾਰਾਂ ਦੀ ਕੁੜੀ ਉਸਦੇ ਪਸੰਦ ਆ ਗਈ ਤੇ ਗੱਲ ਪੱਕੀ ਹੀ ਹੋ ਗਈ। ਪ੍ਰਾਹੁਣੇ ਅਜੇ ਘਰੇ ਹੀ ਬੈਠੇ ਸਨ ਕਿ ਕੀਤੋ ਉਨ੍ਹਾਂ ਦੇ ਘਰ ਕਿਸੇ ਕੰਮ ਚਲੀ ਗਈ। ਕੀਤੋ ਨੂੰ ਦੇਖਕੇ ਉਹ ਮੁੰਡਾ ਤਾਂ ਕੀ ਮੁੰਡੇ ਦੀ ਮਾਂ ਵੀ ਸਰਦਾਰਾਂ ਨਾਲੋਂ ਅੱਖਾਂ ਫੇਰ ਗਈ। "ਐਸ ਕੁੜੀ ਦਾ ਪਤਾ ਕਰਾਂਗਾ' ਮੁੰਡੇ ਦੀ ਸੈਨਤ ਮਾਂ ਨੂੰ ਮਿਲ ਗਈ। ਰੋਕ ਟੁਟ ਗਈ ਪ੍ਰਾਹੁਣੇ ਵਾਪਸ ਚਲੇ ਗਏ। ਸਰਦਾਰਾਂ ਦੀ ਰੜਕ ਵਿਚ ਵਿਚ ਰਿਝਣ ਲੱਗੀ।

ਇਕ ਵਾਰ ਕਾਲਜੋਂ ਛੁੱਟੀ ਤੋਂ ਬਾਦ ਕੀਤੋ ਤੇ ਉਸਦੀਆਂ ਕੁਝ ਸਹੇਲੀਆਂ ਨੇ ਬਜ਼ਾਰੋਂ ਸ਼ਾਪਿੰਗ ਕਰਨ ਦਾ ਪਰੋਗਰਾਮ ਬਣਾਇਆ। ਜਦ ਉਹ ਕੁਝ ਚੀਜ਼ਾਂ ਖਰੀਦ ਕੇ ਵਾਪਸ ਆ ਰਹੀਆਂ ਸਨ ਤਾਂ ਉਸਦੀ ਇਕ ਸਹੇਲੀ ਦਾ ਭਾਈ ਆਪਦੇ ਦੋਸਤ ਨਾਲ ਸ਼ਹਿਰ ਆਇਆ ਉਨ੍ਹਾਂ ਨੂੰ ਮਿਲ ਪਿਆ। ਭੈਣ ਤੇ ਉਸਦੀਆਂ ਸਹੇਲੀਆਂ ਦਾ ਮਾਣ ਤਾਣ ਕਰਨ ਲਈ ਉਹ ਉਨ੍ਹਾਂ ਨੂੰ ਚਾਹ ਪੀਣ ਹੋਟਲ ਵਿਚ ਲੈ ਗਿਆ। ਜਦੋਂ ਉਹ ਚਾਹ ਪੀ ਰਹੀਆਂ ਸਨ ਤਾਂ ਸਰਦਾਰਾਂ ਦੇ ਕਿਸੇ ਬੰਦੇ ਨੇ ਦੇਖ ਲਿਆ 'ਹੈਂ ਮੁਟਿਆਰ ਕੁੜੀ ਉਪਰਿਆਂ ਨਾਲ ਚਾਹ ਪੀਵੇ ਨੋਖਾ! ਬਸ ਫਿਰ ਕੀ ਸੀ ਉਹ ਪਿੰਡ ਬਾਅਦ ਵਿਚ ਪਹੁੰਚਿਆ ਖਬਰ ਪਹਿਲਾਂ।

'ਹਲਾ ਹੋਟਲ 'ਚ ਕਿਸੇ ਨਾਲ ਚਾਹ ਪੀਂਦੀ ਸੀ' ਬਜ਼ੁਰਗ ਅੱਖਾਂ ਵਿਚ ਵੀ ਚਮਕ ਆਈ।

'ਹੋਰ ਹੋਟਲ 'ਚ'

"ਮੈਂ ਦੇਖਿਆ ਇਕ ਦਿਨ ਰਾਹ, 'ਚ ਮੁਕੰਦਪੁਰ ਹੀ ਉਤਰ ਗਈ ਸੀ ਪੜ੍ਹਨ ਜਾਂਦੀ ਪ ...'

'ਹਲਾ ਦੇਖ ਕਸਵੇਂ ਸੂਟ ... ਇਹ ਪੜ੍ਹਨ ਦੇ ਚੱਜ ਨੇ'

ਇਕ ਖਬਰ ਨੂੰ ਕਿੰਨੀਆਂ ਹੀ ਖਬਰਾਂ ਜੰਮ ਪਈਆਂ।

ਸੱਥਾਂ ਦੇ ਖਤ ਪੋਸ਼ ਤੋਂ ਖਬਰ ਨੇ ਹਨੇਰੀ ਰੂਪ ਧਾਰਿਆ ਤੇ ਪਿੰਡ ਦਾ ਤਿਣਕਾ ਤਿਣਕਾ ਹਿਲਾ ਮਾਰਿਆ।

ਘਰ ਆਈ ਦੇ ਬੈਂਤ ਦੀ ਸੋਟੀ ਤਾਂ ਪਿਉ ਨੇ ਡਿਉਡੀ ਵਿਚ ਤੋੜੀ। ਤਮਾਸ਼ਾ ਆਲੇ ਦੁਆਲੇ ਬਿੜਕਾਂ ਲੈਂਦਾ ਰਿਹਾ।

'ਮਾਰ ਕੇ ਨਹਿਰ 'ਚ ਸਿੱਟ ਦੇ' ਸੱਥ ਨੇ ਸਲਾਹ ਦਿਤੀ

'ਫਾਹਾ ਵੱਢ ਵਿਆਹ ਕਰ ਇਸ ਤੋਂ ਪਹਿਲਾਂ ਕਿ ਬਦਨਾਮੀ ਸਬੂਤ ਲੈ ਆਵੇ" ਲੰਘਦੇ ਜਾਂਦੇ ਟਾਈਮ ਤੋਂ ਕਿਸੇ ਨੇ ਵਾਰਨਿੰਗ ਦਿਤੀ।

ਬਦਨਾਮ ਆਵਾਰਾ ਨੇ ਵੀ ਮੂੰਹ ਬਣਾ ਕੇ ਗੱਲ ਕੀਤੀ।

'ਪੜ੍ਹਿਆ ਲਿਖਿਆ ਯੋਗ ਵਰ ਇਹਨੂੰ ਨਹੀਂ ਕਬੂਲੇਗਾ!" ਕਿਸੇ ਕਿਹਾ। ਬਦਨਾਮੀ ਧੂੰਆਂ ਬਣਕੇ ਸਾਰੇ ਇਲਾਕੇ ਨੂੰ ਢੱਕ ਲਵੇਗੀ।'

ਇਕੱਲਾ ਹੀ ਭਾਈ ਹੈ ਜ਼ਮੀਨ ਚੰਗੀ ਹੈ, ਮਾਂ ਖਬਰ ਨੀ ਬਾਗਰੋ ਸੀ ਕੋਈ ਅੜੇ ਹੋਏ ਨੇ ਇਸ ਵਿੱਜ ਕਰਕੇ ਜਾਂ ਗੱਲ ਕਰੇ।

ਕੰਨਾਂ ਨੂੰ ਰੈ—ਅ ਪਹੁੰਚੀ।

ਗੱਲ ਪੱਕੀ ਹੋ ਗਈ। ਵਿਆਹ ਵਾਲੇ ਦਿਨ ਤੱਕ ਬਾਹਰ ਖਬਰ ਨਾ ਕੱਢੀ ਗਈ।

ਘਰੋਂ ਮਲੰਗ ਹੀ ਨਿਕਲੇ ਚੱਕ ਆਲੇ। ਅੱਧੀ ਕੁ ਜ਼ਮੀਨ ਤਾਂ ਉਸਨੇ ਗੋਲੀਆਂ ਵਿਚ ਹੀ ਫੂਕ ਦਿਤੀ ਸੀ। ਗੋਲੀਆਂ ਖਾ ਕੇ ਕੱਟ ਦਿਤੇ ਡਿਗਿਆਂ ਡਿਗਿਆ ਪਿਆ ਹੁੰਦਾ ਕਦੇ ਕਿਤੇ। ਕੀਤੋ ਦੇ ਜਿਦੇ ਬੱਚਾ ਹੋਇਆ ਉਸ ਦਿਨ ਗੋਲੀਆਂ ਖਾ ਕੇ ਸੜਕ ਦੇ ਵਿਚਾਲੇ ਡਿਗਦਾ ਢਹਿੰਦਾ ਆਉਂਦਾ ਕਿ ਟਰੱਕ ਥੱਲੇ ਆ ਗਿਆ। ਅੱਧ ਮਧੋਲੀ ਲਾਸ਼ ਕੀਤੋ ਵਿਧਵਾ ਹੋ ਗਈ। ਸ਼ਰੀਕਾਂ ਦੀ ਨਜ਼ਰਾਂ ਜ਼ਮੀਨ ਤੇ ਜਾ ਟਿਕੀਆਂ। 'ਅਮਲੀ ਦੀ ਤੀਵੀਂ' ਦਾ ਕੀ ਆ ਜਦੋਂ ਮਰਜ਼ੀ ਭਜਾ ਦਿਓ' ਸੱਥ ਨੇ ਕਿਹਾ। ਸੱਥ ਵੀ ਤਾਂ ਜ਼ੋਰ ਵਾਲਿਆਂ ਦੀ ਹੁੰਦੀ ਹੈ। ਵਿਹੜੇ ਵਿਚ ਸੁਤੀ ਪਈ ਕੀਤੋ ਨੂੰ ਕੰਧਾਂ ਤੋਂ ਮਨੁੱਖੀ ਸਿਰ ਦਿਸਣ ਲੱਗੇ।

'ਬੇੜਾ ਪਾਰ ਕਰੋ ਸਾਲੀ ਦਾ' ਕੀਤੋ ਨੇ ਕੰਧਾਂ ਦੀ ਘੁਸਰ ਮੁਸਰ ਸੁਣੀ। ਇਕ ਦਿਨ ਮਲਕੜੇ ਜਿਹੇ ਨਿੱਕੀ ਜਿਹੀ ਜਾਨ ਨੂੰ ਚੁੱਕੀ ਕੀਤੋ ਪਿੰਡ ਆ ਗਈ। ਪਿੰਡ ਆ ਕੇ ਉਹੀ ਸਮਾਜ ਸੀ ਜਿਸਨੇ ਉਸਨੂੰ ਇਸ ਹਾਲਤ ਵਿਚ ਪੁਚਾਇਆ ਸੀ। ਹੁਣ ਉਸ ਉਹ ਕਿੰਨਾ ਚਿਰ ਇਸ ਘਰ ਵਿਚ ਕੱਟ ਸਕਦੀ ਸੀ ਜਿੰਨਾ ਚਿਰ ਮਾਂ ਬਾਪ ਜਿਉਂਦੇ ਨੇ ਜਾਂ ਜਿੰਨਾ ਚਿਰ ਭਾਈ ਵਿਆਹਿਆ ਨਹੀਂ ਜਾਂਦਾ। ਕਿਉਂਕਿ ਵਿਆਹ ਤੋਂ ਬਾਦ ਤਾਂ ਭਾਈ ਅੱਖਾਂ ਫੇਰ ਹੀ ਲੈਂਦੇ ਹਨ?

ਬੇਨਾਮ ਕਵਿਤਾ

(ਇਕ ਹਿੰਦੀ ਕਵਿਤਾ)

ਸੁਦੇਸ਼

ਸ਼ਾਇਦ
ਤੂੰ ਇਕਲਤਾ ਦਾ ਸਾਗਰ ਹੈ
ਮੈਂ ਜਿਨ੍ਹਾਂ ਵੀ
ਤੇਰੇ 'ਚ ਉਤਰਦੀ ਹਾਂ
ਇਕ ਸਰਾਪੀ ਰੌਣਕ
ਹੋ ਗੁਜ਼ਰਦੀ ਹਾਂ

ਤੂੰ ਜੋ ਹਰ ਸਮੇਂ
ਸਰਗੋਸ਼ੀਆਂ ਦਾ ਕੇਂਦਰ ਹੈਂ
ਸ਼ਹਿਰ ਹੱਥਾਂ ਤੇ ਦੀਵੇ ਬਾਲ
ਤੇਰੀ ਪ੍ਰਕਰਮਾਂ ਕਰਦਾ ਹੈ
ਇਕ ਆਲਮ —
ਤੇਰੇ ਪੈੜਾਂ ਦੇ ਚੁੰਮਣਾਂ ਲਈ
ਖੜ੍ਹਾ ਤਰਸਦਾ ਹੈ
ਤੂੰ ਕੋਈ ਝੂਠੀ ਤਸਲੀ ....
ਟੁਟਦਾ ਹੋਇਆ ਵਾਅਦਾ ....
ਮਿਟਦਾ ਭਰਮ ਵੀ ਨਹੀਂ
ਵਾਅਦਾ - ਖਿਲਾਫੀ
ਜਾਂ ਕਿਸੇ ਸੁਫਨੇ ਦਾ ਕਤਲ
ਤੇਰੀ ਫਿਤਰਤ ਹੀ ਨਹੀਂ
ਫਿਰ ਇਹ ਕੈਸੀ
ਉਦਾਸੀ ਭਰੀ ਚੁੱਪ
ਸੂਲੀ ਤੇ ਲਟਕ ਜਾਂਦੀ ਹਾਂ ਮੈਂ

ਸ਼ਾਇਦ ਮੈਂ ਹੀ
ਕਿਸੇ ਖੰਡਰਈ ਮੰਦਰ ਦੀ
ਅਣਗੌਲੀ ਮੂਰਤੀ ਹਾਂ
ਜੋ ਖੰਡਰਾਂ ਦੀ ਜੂੰਨੀ ਪਈ
ਮੈਂ—ਨੂੰ ਵਿਸਰ ਜਾਂਦੀ ਹੈ
ਤੂੰ ਨੂੰ ਤਰਸ ਜਾਂਦੀ ਹੈ
ਤੇ ਵੇਖ ਰੌਣਕਾਂ
ਕਿਸੇ ਹੋਰ ਦੇ ਵਿਹੜੇ
ਅਕਸਰ ਤਿੜਕ ਜਾਂਦੀ ਹੈ

(ਅਨੁਵਾਦ ਚਰਨ ਸਿੰਘ)



ਅਸੀਂ ਗੁਆਚੀਆਂ ਮੁਹੱਬਤਾਂ ਨੂੰ ਭਾਲਦੇ ਰਹੇ।
ਇੰਝ ਨੇਰਿਆਂ 'ਚ ਦੀਵਿਆਂ ਨੂੰ ਬਾਲਦੇ ਰਹੇ।
ਜਿਹੜੇ ਸਮਝੇ ਸੀ ਆਪਣੇ, ਬੇਗਾਨੇ ਬਣ ਗਏ,
ਉਂਝ ਮੂੰਹਾਂ ਦੇ ਮੁਲ੍ਹਾਜ਼ੇ ਕਈ ਸਾਲ ਦੇ ਰਹੇ।

ਲੋਕ ਬੋਲੀ

ਆਰੀ, ਆਰੀ, ਆਰੀ,
ਕਨੇਡਾ, ਤੇਰਾ ਪੁੱਤ ਦੇਖਿਆ
ਏਥੇ ਕੰਮ ਬੜੇ ਨੇ ਭਾਰੀ।
ਮਨ ਦਾ ਭਰਮ ਗਿਆ,
ਪਿਛੇ ਛੱਡ ਆਇਆਂ ਸਰਦਾਰੀ।
ਘਰ ਘਰ ਵੰਡ ਪਰਚੇ,
ਮੈਂ ਤਾਂ ਬਣਿਆਂ ਫਿਰਾਂ ਵਗਾਰੀ।
ਰੁਲਦੇ ਖੇਤਾਂ ਵਿਚ
ਦੇਖੇ ਠਾਣੇਦਾਰ ਪਟਵਾਰੀ।
ਹੌਕਾ ਲੈ ਕੇ ਦਿਲ ਦੇ ਵਿਚੋਂ
ਉਚੀ ਧਾ ਚੰਨਣ ਨੇ ਮਾਰੀ।
ਰੋਵਾਂ ਕਰਮਾਂ ਨੂੰ
ਖੱਟ ਕੇ ਅੰਤ ਖੁਆਰੀ।
ਰੋਵਾਂ ਕਰਮਾਂ ਨੂੰ ....

ਚੰਨ ਚਾਨਣੀ ਸੀ ਰਾਤ ਕਈ ਨਾਲ ਹੋ ਗਏ,
ਆਈ ਮੱਸਿਆ ਦੀ ਰਾਤ ਸਾਥ ਭਾਲਦੇ ਰਹੇ।
ਕੋਈ ਗਮਾਂ ਵਾਲੀ ਰਾਸ ਦੇ ਕੇ ਟੁਰ ਚਲਿਆ,
ਅਸੀਂ ਹੰਝੂਆਂ ਨੂੰ ਹਾਸਿਆਂ 'ਚ ਢਾਲਦੇ ਰਹੇ।
ਯਾਰ ਵਫਾ ਦੀ ਲਕੀਰ ਕਦੋਂ ਦੇ ਉਲੰਘ ਗਏ,
ਸਾਜ਼! ਲਗੀਆਂ ਦੀ ਲੱਜ ਅਸੀਂ ਪਾਲਦੇ ਰਹੇ।

ਬੀਤ ਚੁਕੇ ਤੇ ਇਕ ਝਾਤ

ਰਾਮ ਸਿੰਘ ਢਿੱਲੋਂ ,ਸਰੀ

5 ਜੂਨ, 1984 ਦਰਬਾਰ ਸਾਹਿਬ ਅੰਮ੍ਰਿਤਸਰ ਉਪਰ, ਬਿਲੂ-ਸਟਾਰ ਨਾਮੇਂ, ਆਰਮੀ ਹਮਲਾ ਹੋਇਆ ਜਿਸ ਦੇ ਫਲ ਸਰੂਪ ਪਵਿਤਰ ਅਕਾਲ ਤਖਤ ਢਹਿ ਢੇਰੀ ਹੋ ਗਿਆ, ਬੇਅੰਤ ਪੁਰਾਤਨ ਲਿਖਤਾਂ, ਵਸਤਾਂ ਤਬਾਹੋਂ ਬਰਬਾਦ ਹੋ ਗਈਆਂ। ਹਮਲਾ-ਆਵਰ ਫੌਜੀ ਅੰਦਰ ਲੁਕੇ ਭਿੰਡਰਾਂ ਸਮਰਥਕ ਹਥਿਆਰ ਬੰਦ ਟੈਰੋਰਿਸਟ ਤੇ ਯਾਤਰੂ ਹਜ਼ਾਰਾਂ ਦੀ ਗਿਣਤੀ ਵਿਚ ਮਰ ਮੁਕ ਗਏ।

ਭਾਰਤ ਵਿਚ ਹੀ ਨਹੀਂ, ਧਰਤ-ਗਲੋਬ ਦੇ ਹਰ ਪਾਸ ਹਿਸੇ ਵਿਚ ਬੈਠੇ ਹਰ ਸਿੱਖ ਦਾ ਮਨ, ਉਪਰੋਕਤ ਅਕਾਲ ਤਖਤ ਦੀ ਬੇਹੁਰਮਤੀ ਕਾਰਨ ਵਲੂੰਦਰਿਆ ਗਿਆ ਤੇ ਓਹ ਲਹੂ ਦੇ ਹੰਝੂ ਕੇਰਦਾ ਇੰਦਰਾ ਸਰਕਾਰ ਨੂੰ ਸਿੱਖਾਂ ਦੀ ਦੁਸ਼ਮਣ ਸਮਝਣ ਲਗ ਪਿਆ। ਗੋਲਡਨ-ਟੈਂਪਲ ਕੰਪਲੈਕਸ ਤੇ ਫੌਜੀ ਹਮਲਾ ਸਰਕਾਰ ਦੀ ਪਹਾੜ ਜੇਡੀ ਗਲਤੀ ਆਖੀ ਜਾਣ ਲੱਗੀ।

ਇਸ ਬਿਲੂ-ਸਟਾਰ ਭਾਣੇ ਦੀ ਕੜੀ ਹੀ 31 ਅਕਤੂਬਰ 1984 ਇੰਦਰਾ ਦੇ ਆਪਣੇ ਬਾਡੀ ਗਾਰਡਾਂ, ਦੋ ਸਿਖਾਂ ਦਾ ਓਹਦੇ ਹੀ ਨਿਵਾਸ ਤੇ ਗੋਲੀਆਂ ਦਾ ਮੀਂਹ ਵਰ੍ਹਾ ਹੱਤਿਆ ਕਰ ਦੇਣਾ ਸੀ।

ਦਿੱਲੀ ਤੇ ਕਾਨ੍ਹਪੁਰ ਵਗੈਰਾ ਕਈ ਸ਼ਹਿਰਾਂ ਵਿਚ, ਬਦਮਾਸ਼ ਹਿੰਦੂ ਤੇ ਕਾਂਗਰਸੀਆਂ ਨੂੰ ਮੌਕਾ ਮਿਲ ਗਿਆ ਤੇ ਉਨ੍ਹਾਂ "ਭਾਰਤ ਦੀ ਮਾਂ ਇੰਦਰਾ" ਦੇ ਕਤਲ ਦਾ ਬਹਾਨਾ ਬਣਾ, ਦੋ ਤਿੰਨ ਦਿਨਾਂ ਵਿਚ ਹੀ ਲੁਟੇਰੇ ਤੇ ਬੇ-ਗੈਰਤੇ ਪੁਲਸ ਅਫਸਰਾਂ ਦੀ ਮਦਦ ਤੇ ਸ਼ਹਿ ਦੁਵਾਰਾ, ਹਜ਼ਾਰਾਂ ਬੇਗੁਨਾਹ ਸਿਖ ਬੱਚੇ, ਬੁੱਢੇ, ਔਰਤਾਂ ਤੇ ਗੱਭਰੂ ਕਾਮੇ ਤੇ ਮਜ਼ਦੂਰ ਮਾਰ ਮੁਕਾਏ ਤੇ ਕਰੋੜਾਂ ਦੀਆਂ ਸਿਖ ਜਾਇਦਾਦਾਂ ਲੁੱਟੀਆਂ ਤੇ ਸਾੜ ਸਵਾਹ ਕਰ ਦਿਤੀਆਂ। ਹਿੰਦੂਆਂ ਸਿਖਾਂ ਵਿਚ ਆਪਸੀ ਬੇ-ਭਰੋਸਗੀ ਤੇ ਪਾੜਾ ਹੋਰ ਵਧਾ ਗਿਆ। ਨਿਰਾ ਪੰਜਾਬ ਹੀ ਨਹੀਂ ਸਾਰਾ ਦੇਸ਼ ਹੀ ਬਦਅਮਨੀ ਤੇ ਬੇਚੈਨੀ ਦਾ ਸ਼ਿਕਾਰ ਹੋ ਗਿਆ ਤੇ ਜਾਪਣ ਲੱਗ ਪਿਆ ਐਹ ਡਾਵਾਂ ਡੋਲ ਸਥਿਤੀ ਬਦਸੂਤਰ ਕਾਇਮ ਰਹੇਗੀ।

ਆਓ ਜ਼ਰਾ ਠੰਡੇ-ਦਿਮਾਗ ਸੋਚੀਏ : — ਹਰ ਗੱਲ ਹਰ ਸਮੱਸਿਆ ਦੇ ਦੋ ਪਹਿਲੂ (ਪਾਸੇ) ਹੋਇਆ ਕਰਦੇ ਹਨ, ਉਪਰੋਕਤ ਤੋਂ ਬਗੈਰ ਦੂਜਾ ਕੀ ਹੈ ਸੀ ਜਾਂ ਹੋ ਸਕਦਾ ਸੀ :—

ਅਕਾਲ ਤਖਤ ਦੇ ਬਾਨੀ, ਸ੍ਰੀ ਗੁਰੂ ਹਰਗੋਬਿੰਦ ਸਾ: ਨੂੰ ਆਪਣੇ. ਪਿਤਾ ਗੁਰੂ ਅਰਜਨ ਦੇਵ ਜੀ ਦੇ ਹੋਏ ਕਤਲ ਕਾਰਨ ਬਦਲਾ-ਲਊ ਦੋ ਲੜਾਈਆਂ ਲੜਨੀਆਂ ਪਈਆਂ। ਓਦੋਂ ਲੜਾਈਆਂ ਤਲਵਾਰਾਂ, ਤੀਰਾਂ ਬਰਛਿਆਂ ਤੇ ਘੋੜਿਆਂ ਆਦਿ ਤਕ ਹੀ ਸੀਮਤ ਸੀ ਤੇ ਓਦੋਂ ਅਕਾਲ ਤਖਤ ਦੇ ਆਲੇ ਦੁਆਲੇ ਆਬਾਦੀ ਤੇ ਬਿਲਡਿੰਗਾਂ ਵੀ ਰਿਲੀਆਂ ਟਾਵੀਆਂ ਹੀ ਸਨ, ਭਾਵ ਅਜ ਵਾਂਗ ਏਨੀਆਂ ਸੰਘਣੀਆਂ ਤੇ ਕੀਤੀਆਂ ਵਾਂਗ ਏਨੀ ਆਬਾਦੀ ਵੀ ਸੰਘਣੀ ਨਹੀਂ ਸੀ। ਗੁਰੂ ਜੀ ਨੂੰ ਆਪਣੇ ਹੱਥੀਂ ਬਣਾਏ ਅਕਾਲ ਤਖਤ ਨਾਲ ਬੜੀ ਲਗਨ ਤੇ ਪਿਆਰ ਸੀ, ਸੋ ਉਨ੍ਹਾਂ ਓਸ ਪੂਜਯ ਅਸਥਾਨ ਦੀ ਬੇ-ਹੁਰਮਤੀ ਨੂੰ ਮੁਖ ਰਖਦਿਆਂ, ਦੋਵੇਂ ਲੜਾਈਆਂ ਬੜੀ ਦੂਰ ਜਾ ਕੇ ਸ਼ਹਿਰੋਂ ਬਾਹਰ ਲੜੀਆਂ ਅਤੇ ਅਕਾਲ ਤਖਤ ਦੀ ਪਵਿਤਰਤਾ ਨੂੰ ਕਾਇਮ ਰਖਿਆ।

ਅਵੱਲ ਤੇ 1978 ਤੋਂ ਹੀ ਜਦ ਤੋਂ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਨਾਲ ਹੋਈ ਮੁਠ-ਭੀੜ ਵਿਚ 13 ਨਿਹੰਗ ਮਾਰੇ ਗਏ ਤੇ ਸਿੰਘ ਮੁਕੱਦਮਾ ਵੀ ਹਾਰ ਗਏ ; ਸਿਖਚ-ਪੰਥ ਲਈ ਬੜਾ ਨਾਜ਼ਕ ਸਮਾਂ ਸ਼ੁਰੂ ਹੋ ਗਿਆ ਪਰ 1982 ਤੋਂ ਤਾਂ ਜਦ ਤੋਂ ਲੁਟ ਮਾਰ, ਹਿੰਦੂ-ਸਿਖ ਕਤਲ, ਬੈਂਕ ਡਕੈਤੀਆਂ ਆਮ ਹੋਣੀਆਂ ਸ਼ੁਰੂ ਹੋ ਗਈਆਂ, ਸਿਖ-ਟੈਰੋਰਿਸਟ ਵਾਰਦਾਤਾਂ ਕਰਕੇ ਦਰਬਾਰ ਸਾ: ਕੰਪਲੈਕਸ ਅੰਦਰ ਪਨਾਹ ਲੈਣ ਲਗ ਪਏ ਤੇ ਆਮ ਲੋਕੀ ਪੰਜਾਬ ਪੁਲਸ ਨੂੰ ਟੈਰੋਰਿਸਟਾਂ ਨਾਲ ਮਿਲੀ ਹੋਈ ਦੱਸਣ ਲਗ ਪਏ, ਪੰਜਾਬ ਦੀ ਲਾ-ਐਂਡ ਆਰਡਰ ਸਥਿਤੀ ਖਤਮ ਹੋ ਗਈ, ਸਿਖਾਂ ਦੇ ਵਕਾਰ ਨੂੰ ਢਾਹ ਲੱਗਣੀ ਸ਼ੁਰੂ ਹੋ ਗਈ।

ਜਗਤ ਪ੍ਰਸਿੱਧ ਟਾਈਮ ਨੀਊਸਵੀਕ ਆਦਿ ਪਤਦਰਾਂ ਵਿਚ ਛਪੀਆਂ ਤਸਵੀਰਾਂ ਤੇ ਭਿੰਡਰਾਂ-ਸੰਤ ਨਾਲ ਭੇਂਟ ਉਨ੍ਹਾਂ ਦੇ ਹਥਿਆਰਬੰਦ ਯੋਧਿਆਂ ਦਾ ਪਵਿਤਰ ਸਰੋਵਰ-ਪ੍ਰਕਰਮਾਂ ਵਿਚ ਪਰਦਰਸ਼ਨੀ ਕਰਦੇ (ਯਾਤਰੂਆਂ) ਦੀ ਬਜਾਏ) ਘੁੰਮਦੇ ਫਿਰਨਾ ਤੇ ਪੂਜਣ-ਯੋਗ ਗੋਲਡਨ ਟੈਂਪਲ ਦਾ ਇਕ ਗੜ੍ਹੀ ਵਿਚ ਬਦਲਿਆ ਦ੍ਰਿਸ਼ ਵੀ ਸਿਖ ਸਥਾਨ ਤੇ ਸ਼ਰੋਮਣੀ ਸਿਖ-ਸੰਪਰਦਾ ਦਾ ਦੁਨੀਆਂ ਦੀ ਨਜ਼ਰ ਵਿਚ ਨੀਚਾ ਦਿਸਣਾ ਹੀ ਸੀ।

ਜਦ ਮੀਰੀ ਪੀਰੀ ਦੇ ਮਾਲਿਕ ਗੁਰੂ ਹਰਗੋਬਿੰਦ ਜੀ ਓਸ ਪੂਜਯ ਅਸਥਾਨ ਨੂੰ ਗੜ੍ਹੀ ਦਾ ਰੂਪ ਨਾ ਦਿਤਾ ਤਾਂ ਆਪ-ਬਣੇ ਸੰਤ-ਲੀਡਰ ਨੇ, ਓਥੇ ਹਰ ਪ੍ਰਕਾਰ ਦੇ ਮਾਰੂ-ਹਿਥਆਰ ਕਾਰਬਾਈਨਾਂ, ਬੰਬ, ਮਾਰਟਰ, ਐਂਟੀ-ਟੈਂਕ ਹਥਿਆਰ, ਮੋਰੱਚਾ-ਬੰਦੀ ਤੇ ਸਿਰਲੱਥ ਯੋਧਿਆਂ ਦੀ ਮੁਕੰਮਲ ਫੌਜ ਬਾਹਰਲਾ ਹਮਲਾ ਰੋਕਣ ਜਾਂ ਆਪ ਹਮਲਾ ਕਰਨ ਲਈ ਤਿਆਰ ਬਰਤਿਆਰ ਕਰ ਗੜ੍ਹੀ ਦਾ ਰੂਪ ਕਿਉਂ ਦਿਤਾ? ਨਿਤਾ-ਪ੍ਰਤੀ ਦੀਆਂ ਓਹਦੀਆਂ ਬੜ੍ਹਕਾਂ ਕਿ, "ਜੇ ਓਸ ਬਾਹਮਾਂ ਦਾਂ ਦੀ ਕੁੜੀ ਨੇ ਅੰਦਰ ਫੌਜ ਭੇਜਣ ਦੀ ਜੁਰਅਤ ਕੀਤੀ ਤਾਂ ਓਹਨੂੰ ਅਸੀਂ ਲੋਹੇ ਦੇ ਚਣੇ ਚਬਾ ਦਿਆਂਗੇ ਅਤੇ ਇਕ ਵੀ ਫੌਜੀ ਜ਼ਿੰਦਾ ਵਾਪਸ ਨਹੀਂ ਜਾਵੇਗਾ" ਆਦਿ ਪ੍ਰਤੱਖ ਸਬੂਤ ਹ ਸੀ ਕਿ ਸੰਤ ਭਿੰਡਰਾਂ ਦੀ ਜਨਰਲ ਸੁਬੇਗ ਸਿੰਘ ਵਰਗੇ ਸੂਰਮਿਆਂ ਦੇ ਬਲਬੋਤੇ ਤੇ ਸਰਕਾਰ ਨਾਲ ਯੁਧ ਦੀ ਪੂਰੀ ਤਿਆਰੀ ਸੀ। ਅੰਦਰ ਬੈਠੇ ਭਿੰਡਰਾਂ-ਟੈਰੋਰਿਸਟਾਂ ਕੋਲ ਹਥਿਆਰਾਂ ਦਾ ਦੇ ਭੰਡਾਰ ਤੇ ਹੋਰ ਲੜਾਈ ਸਾਮਾਨ ਦੇਖ ਉਨ੍ਹਾਂ ਦੀਆਂ ਅੱਖਾਂ ਵਿਚ ਸਰ੍ਹੋਂ ਫੁਲ ਗਈ ਤੇ ਉਹ ਭੁਲ ਗਏ ਕਿ ਉਨ੍ਹਾਂ ਦੇ ਮੁਕਾਬਲੇ ਭਾਰਤੀ ਫੌਜ ਰਾਈ ਤੇ ਪਹਾੜ ਦੀ ਤੁਲਣਾ ਹੈ, ਉਹ ਕਿਉਂ ਭੁਲ ਗਏ ਕਿ ਅਜੋਕੀ ਤੋਪਾਂ-ਬੰਬਾਂ ਦੀ ਲੜਾਈ ਜਿਥੇ ਉਨ੍ਹਾਂ ਦੀ ਪਨਾਹ-ਗਾਹ ਧਰਮ ਅਸਥਾਨ ਨੂੰ ਢਾ-ਢੇਰੀ ਕਰ ਦੇਵੇਗੀ, ਉਥੇ ਅੰਦਰਲੇ ਯਾਤਰੂ, ਆਲੇ ਦੁਆਲੇ ਦੇ ਮਕਾਨ ਤੇ ਮਕਾਨਾਂ ਵਿਚਲੀ ਜਨਤਾ ਵੀ ਤਬਾਹੋਂ ਬਰਬਾਦ ਹੋ ਜਾਵੇਗੀ, ਇਹ ਸਭ ਕੁਝ ਉਨ੍ਹਾਂ ਦੀ ਬਚਗਾਨਾਂ ਸੋਚਣੀ ਦਾ ਨਤੀਜਾ ਸੀ। ਉਨ੍ਹਾਂ ਆਪਣੇ ਛੇਵੇਂ ਗੁਰੂ ਦੇ ਪਾਏ ਪੂਰਨਿਆਂ ਦੀ ਸਿੱਧੀ ਉਲੰਘਣਾ ਕੀਤੀ, ਪੂਜਯ ਅਸਥਾਨ ਨਾਲੋਂ ਆਪਣਾਂ ਜ਼ਿਦ ਦ ਤੇ ਹਠ ਨੂੰ ਪਹਿਲ ਦਿਦਤੀ ਤੇ ਸ਼ਾਇਦ ਏਸੇ ਪਾਪ ਦਾ ਨਤੀਜਾ ਬੇ-ਬਹਾ ਹਾਨੀ ਤੇ ਨੁਕਸਾਨ ਹੋਇਆ।

ਗਵਾਂਢੀ ਦੇਸ਼ ਜਿਹੜਾ ਤਿੰਨ ਵਾਰ ਭਾਰਤ ਤੋਂ ਹਾਰ ਖਾ ਚੁਕਾ ਹੈ, ਜਿਨ੍ਹਾਂ ਦੇ ਬਜ਼ੁਰਗਾਂ ਦੇ ਸਿਖ-ਪੰਥ ਨਾਲ ਕੀਤੇ ਜ਼ੁਲਮਾਂ ਨਾਲ ਸਿਖ-ਤਵਾਰੀਖ ਭਰੀ ਪਈ ਹੈ, ਓਸ ਤੇ ਇਹ ਆਸ ਰੱਖਣੀ ਕਿ ਓਹ ਭਾਰਤ ਸਰਕਾਰ ਤੋਂ ਪੰਜਾਬ ਖੋਹਕੇ, ਖਾਲਿਸਤਾਨੀਆਂ ਦੀ ਝੋਲੀ ਪਾ ਦੇਵੇਗਾ, ਇਹ ਵੀ ਇਕ ਬੱਚਗਾਨਾ, ਹਾਸੋਹੀਣੀ ਤੇ ਸ਼ੇਖਚਿਲੀ ਸੋਚਣੀ ਨਾਲੋਂ ਘੱਟ ਨਹੀਂ ਆਖੀ ਜਾ ਸਕਦੀ।

ਸ਼ਰੋਮਣੀ ਗੁ: ਪ੍ਰਂ: ਕਮੇਟੀ ਤੇ ਸ੍ਰੋ: ਅਕਾਲੀ ਦਲ ਦੇ ਨੇਤਾਵਾਂ ਨੇ ਇਕ ਵਾਰ ਵੀ ਨਾ ਮੰਨਿਆ ਕਿ ਓਸ ਧਰਮ-ਅਸਥਾਨ ਅੰਦਰ ਹਥਿਆਰ ਧੜਾ ਧੜ ਜਮਾਂ ਹੋ ਰਹੇ ਹਨ ; ਜਾਪਦਾ ਓਹ ਸੰਤ ਭਿੰਡਰਾਂ ਦੀ ਵਧੀ ਹਿੰਸਕ ਸ਼ਕਤੀ ਤੋਂ ਭੈ-ਭੀਤ ਸਨ ਤੇ ਚੁਪ ਵਿਚ ਹੀ ਨਜਾਤ ਸਮਝਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਉਮਰ ਯੁਧਾਂ ਵਿਚ ਹੀ ਲੰਘੀ ਤੇ

(ਬਾਕੀ ਪੰਨਾ 13 ਉੱਤੇ)

ਗੁਰੂ ਘਰ ਸਰੀ ਡੈਲਟਾ ਦੀ ਕਮੇਟੀ ਵੱਲੋਂ ਸਪੱਸ਼ਟੀਕਰਨ

'ਇੰਡੋ ਕਨੇਡੀਅਨ ਟਾਈਮਜ਼' ਅਕਤੂਬਰ 18,1985 ਦੇ ਅੰਕ ਵਿਚ ਇਸ਼ਤਿਹਾਰ ਦੇ ਰੂਪ ਵਿਚ ਚਿੱਠੀ ਦੇਖੀ ਗਈ ਜੋ ਕਿ ਸਰੀ ਡੈਲਟਾ ਦੇ ਮੈਂਬਰ ਵੱਲੋਂ ਦਿਤੀ ਗਈ ਦੱਸੀ ਗਈ ਹੈ। ਜਿਨ੍ਹਾਂ ਦਾ ਕੋਈ ਨਾਂ ਬਗੈਰਾ ਜਾਂ ਪਤਾ ਦਰਜ ਨਹੀਂ ਸੀ, ਗੁਰੂ ਘਰ ਸਰੀ-ਡੈਲਟਾ ਦੀ ਐਗਜ਼ੈਕਟਿਵ ਕਮੇਟੀ ਨੂੰ ਇਹ ਦੇਖ ਕੇ ਬਹੁਤ ਅਸਚਰਜ ਹੋਇਆ ਕਿ ਬੇਨਾਮ ਚਿੱਠੀ ਰਾਹੀਂ ਸੰਗਤ ਨੂੰ ਗੁੰਮਰਾਹ ਕਰਨ ਦੇ ਯਤਨ ਕੀਤੇ ਗਏ ਹਨ। ਜਦਕਿ ਸੱਚ ਹੇਠ ਲਿਖੀ ਲਿਖਤ ਉਤੇ ਨਿਰਭਰ ਕਰਦਾ ਹੈ :

ਮੈਂਬਰਸ਼ਿਪ ਬਨਾਉਣ ਦਾ ਆਖਰੀ ਦਿਨ 13 ਅਕਤੂਬਰ, 1985 ਸੀ ਜੋਕਿ ਕਮੇਟੀ ਵੱਲੋਂ ਪਹਿਲਾਂ ਹੀ ਨੀਯਤ ਕੀਤਾ ਹੋਇਆ ਸੀ। ਸਮਾਂ ਖਤਮ ਹੋਣ ਤੋਂ ਬਾਅਦ ਕਮੇਟੀ ਦੇ ਸੈਕਟਰੀ ਕਰਨੈਲ ਸਿੰਘ ਦੋਸਾਂਝ ਨੇ ਲੰਗਰ-ਹਾਲ ਵਿਚ ਸੰਗਤਾਂ ਨੂੰ ਵੋਟਾਂ ਦੀ ਰਜਿਸਟਰੇਸ਼ਨ ਦੀ ਜਾਣਕਾਰੀ ਦੇਣੀ ਸ਼ੁਰੂ ਕੀਤੀ ਜੋ ਮੈਂਬਰਸ਼ਿਪ ਲਈ ਫਾਰਮ ਆਏ ਸਨ ਉਨ੍ਹਾਂ ਦੀ ਗਿਣਤੀ 5122 ਸੀ। ਇਹ ਸੁਣ ਕੇ ਹਰਜੀਤ ਸਿੰਘ ਅਟਵਾਲ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ। ਉਸ ਵੇਲੇ ਅਵਤਾਰ ਸਿੰਘ ਸਮਰਾ ਨੇ ਕਿਹਾ ਕਿ ਹੁਣ ਤੁਸੀਂ ਰੌਲਾ ਪਾਉਂਦੇ ਹੋ — ਜਦ ਗੁਰੂ ਘਰ ਬਣਦਾ ਸੀ ਉਸ ਵੇਲੇ ਤੁਸੀਂ ਕਿਥੇ ਸੀ ? ਜਦ ਕਿ ਸੁਸਾਇਟੀ ਦੇ ਅੱਸੀ ਮੈਂਬਰਾਂ ਨੇ ਆਪਣੇ ਘਰ ਬੈਂਕ ਕੋਲ ਗਹਿਣੇ ਰੱਖ ਕੇ ਗੁਰੂ ਘਰ ਬਣਾਉਣ ਲਈ ਬੈਂਕ ਤੋਂ ਕਰਜ਼ਾ ਲਿਆ ਸੀ। ਸੱਚੀ ਗੱਲ ਕਹਿਣ ਉਤੇ ਉਸ ਬੰਦੇ ਨੂੰ ਇਹ ਜੁਆਬ ਮਿਲਿਆ ਕਿ ਗੁਰੂ ਘਰ ਤੇਰੇ ਪਿਉ ਦਾ ਹੈ ? ਅਵਤਾਰ ਸਿੰਘ ਸਮਰਾ ਨੇ 36,000 ਡਾਲਰ ਇਕ ਸਾਲ ਦੇ ਬਿਨਾਂ ਵਿਆਜ ਗੁਰੂ ਘਰ ਨੂੰ ਦਿਤਾ ਸੀ। ਮੋਹਣ ਸਿੰਘ ਸਮਰਾ ਨੇ ਆਪਣੇ ਘਰ ਉਪਰ 50,000 ਚੁੱਕ ਕੇ ਦਿਤਾ ਸੀ। 50,000 ਡਾਲਰ ਦਰਸ਼ਨ ਸਿੰਘ ਸੰਧੂ ਨੇ ਦਿਤਾ ਸੀ।

ਅਟਵਾਲ ਦੇ ਕਹਿਣ ਉਤੇ ਸੁਸਾਇਟੀ ਦੇ ਹਾਜ਼ਰ ਮੈਂਬਰਾਂ ਨੇ ਇਸ ਗੱਲ ਉਤੇ ਇਤਰਾਜ਼ ਕੀਤਾ ਕਿਉਂਕਿ ਇਹ ਲੋਕ ਝਗੜੇ ਲਈ ਤਿਆਰ ਹੋ ਕੇ ਆਏ ਸਨ। ਇਨ੍ਹਾਂ ਨੇ ਬੁਰਾ ਭਲਾ ਬੋਲਣਾ ਸ਼ੁਰੂ ਕਰ ਦਿਤਾ। ਸਟੂਡੈਂਟ ਫੈਡਰੇਸ਼ਨ ਦੇ ਮੈਂਬਰਾਂ ਨੇ ਕਿਚਨ ਵਿਚੋਂ ਕੱਪ ਚਮਚੇ ਮਾਰਨੇ ਸ਼ੁਰੂ ਕਰ ਦਿਤੇ। ਇਥੋਂ ਤੱਕ ਕਿ ਦਾਲ ਦੀਆਂ ਭਰੀਆਂ ਬਾਲਟੀਆਂ ਵੀ ਸੰਗਤ ਉਤੇ ਮਾਰੀਆਂ। ਤਿੰਨ ਵਜੇ ਵੀ ਇਨ੍ਹਾਂ ਪਹਿਲਾਂ ਛੇੜ ਛੇੜੀ ਸੀ। ਇਹ ਘੜੀ ਮੁੜੀ ਇਹੋ ਆਖਦੇ ਸੀ ਕਿ ਆਵੋ ਬਾਹਰ ਚੱਲ ਕੇ ਦੇਖੋ। ਲੜਾਈ ਦੀ ਤਿਆਰੀ ਦਾ ਇਥੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਸ਼ਾਮ ਦੀ ਲੜਾਈ ਵੇਲੇ ਪੁਲੀਸ ਨੇ ਇਨ੍ਹਾਂ ਦੀ ਇਕ ਵੈਨ ਵਿਚੋਂ ਸਰੀਏ ਅਤੇ ਡੰਡੇ ਫੜੇ, ਜੋ ਕਿ ਅੰਦਰ ਲਿਜਾਣ ਲੱਗੇ ਸਨ। ਪੁਲੀਸ ਨੇ ਮੌਕੇ ਉਤੇ ਦੇਖਿਆ। ਪੁਲਸ ਵਲੋਂ ਬਣਾਈ ਗਈ ਸਾਰੀ ਲੜਾਈ ਦੀ ਮੂਵੀ ਤੋਂ ਸਾਰਾ ਪਤਾ ਲੱਗ ਜਾਵੇਗਾ ਜੋ ਕਿ ਪੁਲੀਸ ਕੋਲ ਹੈ। ਜਿਨ੍ਹਾਂ ਬੰਦਿਆਂ ਦਾ ਨਾਂ ਚਿੱਠੀ ਵਿਚ ਲਿਖਿਆ ਹੈ ਮੱਖਣ ਸਿੰਘ ਬਾਸੀ ਦਾ ਤੇ ਗੁਰਬਚਨ ਸਿੰਘ ਹੀਰ ਦਾ, ਇਹ ਦੋਨੋਂ ਬੰਦੇ ਵੀ 80 ਗਰੰਟਰਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਘਰ ਬੈਂਕ ਕੋਲ ਗਹਿਣੇ ਰੱਖੇ ਸੀ। ਗੁਰਬਚਨ ਸਿੰਘ ਹੀਰ ਤੇ ਗੁਰਦੇਵ ਸਿੰਘ ਜੌਹਲ ਆਪਸ ਵਿਚ ਰਿਸ਼ਤੇਦਾਰ ਹਨ। ਇਨ੍ਹਾਂ ਨੂੰ ਲੜਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਨ੍ਹਾਂ ਲੋਕਾਂ ਨੇ ਦਿਨ ਰਾਤ ਇਕ ਕਰਕੇ ਸੰਗਤਾਂ ਕੋਲੋਂ ਪੈਸੇ ਇਕੱਠੇ ਕੀਤੇ ਉਹ ਸੰਗਤਾਂ ਲਈ ਜਵਾਬ ਦੇਹ ਹਨ। ਇਸ ਕਰਕੇ ਉਹ ਮਹਿਸੂਸ ਕਰਦੇ ਹਨ ਕਿ ਗੁਰੂ ਘਰ ਚੜ੍ਹਦੀ ਕਲਾ ਵਿਚ ਜਾਣਾ ਚਾਹੀਦਾ ਹੈ।

ਇਹ ਨਾ ਹੋਵੇ ਕਿ ਗੁਰੂ ਘਰ ਨੂੰ ਮਾਲੀ ਸੰਕਟ ਦਾ ਸਾਹਮਣਾ ਕਰਨਾ ਪਵੇ ਜੋ ਕਿ ਆਮ ਦੇਖਿਆ ਜਾਂਦਾ ਹੈ ਕਿ ਜਿਥੇ ਰੌਲਾ ਰੱਪਾ ਪੈਂਦਾ ਹੈ, ਉਥੇ ਸੰਗਤ ਦੀ ਗੁਰੂ ਘਰ ਜਾਣੋਂ ਸ਼ਰਧਾ ਘੱਟ ਜਾਂਦੀ ਹੈ ਅਤੇ ਗੁਰੂ ਘਰ ਦੀ ਆਮਦਨ ਉਤੇ ਕਾਫੀ ਅਸਰ ਪੈਂਦਾ ਹੈ।

ਸੰਗਤਾਂ ਨੂੰ ਬਹੁਤ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੀ ਸ਼ਾਂਤੀ ਨੂੰ ਭੰਗ ਹੋਣ ਤੋਂ ਬਚਾਉਣ ਲਈ ਕਿਸੇ ਕਿਸਮ ਦੇ ਭੁਲੇਖੇ ਵਿਚ ਪੈਣ ਦੀ ਲੋੜ ਨਹੀਂ।

ਇਹ ਗੁਰੂ ਘਰ ਸੰਗਤ ਦਾ ਹੈ, ਸਾਧ ਸੰਗਤ ਦੇ ਸਹਿਯੋਗ ਨਾਲ ਚਲਦਾ ਹੈ, ਸਾਧ ਸੰਗਤ ਦੇ ਸਤਿਕਾਰ ਨੂੰ ਕਾਇਮ ਰੱਖਦਿਆਂ ਕੋਈ ਵੀ ਇਹੋ ਜਿਹਾ ਕਦਮ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਨਹੀਂ ਚੁਕਿਆ ਜਾਵੇਗਾ ਜਿਸ ਨਾਲ ਸਿੱਖੀ ਸਿਦਕ ਤੇ ਭਰੋਸੇ ਨੂੰ ਸੱਟ ਪਹੁੰਚੇ।

ਆਪਦੇ ਦਾਸ
ਮੈਂਬਰਾਨ ਕਮੇਟੀ 1985
ਗੁਰੂ ਘਰ ਸਰੀ-ਡੈਲਟਾ

ਐਡਮੰਟਨ ਵਿਚ ਖਾਲਿਸਤਾਨੀ ਸੰਮੇਲਨ

—ਅਮਰੀਕ ਸਿੰਘ, ਕੈਲਗਰੀ

ਪਹਿਲੀ ਸਤੰਬਰ, 1985 ਨੂੰ ਖਾਲਿਸਤਾਨੀ ਅਨਸਰਾਂ ਵੱਲੋਂ ਐਡਮੰਟਨ ਦੇ ਸਿਖ ਸੁਸਾਇਟੀ ਗੁਰਦੁਵਾਰੇ ਵਿਚ 'ਕੱਠ ਮਾਰਿਆ ਗਿਆ। ਇਸ 'ਇਤਿਹਾਸਕ ਕਨਵੈਨਸ਼ਨ ਵਿਚ ਹੁਮ ਹੁਮਾ ਕੇ ਅਤੇ ਕੇਸਰੀ ਦਸਤਾਰਾਂ ਸਜਾ ਕੇ ਪੁਜਣ ਲਈ ਇਕ ਲੋਕਲ ਖਾਲਿਸਤਾਨੀਏ ਵੱਲੋਂ ਰੇਡੀਓ ਪ੍ਰੋਗਰਾਮ 'ਤੇ ਬੜਾ ਰੌਲਾ ਪਾਇਆ ਗਿਆ ਸੀ। ਬਾਹਰਲੇ ਕਈ ਸ਼ਹਿਰਾਂ ਤੋਂ ਆਪੋ ਆਪਣੇ ਪੱਖ ਵਿਚ ਭੁਗਤਾਉਣ ਲਈ ਆਪੋ ਆਪਣੇ ਰਸੂਖ ਵਾਲੇ ਅਨਸਰ ਨੂੰ . ਇਥੇ ਬੁਲਾਇਆ ਹੋਇਆ ਸੀ। ਲੋਕਲ ਪ੍ਰਬੰਧਕਾਂ ਵੱਲੋਂ 'ਕਨਵੈਨਸ਼ਨ 'ਤੋਂ ਪਹਿਲਾਂ 'ਫਿਕਰ' ਕੀਤਾ ਗਿਆ ਕਿ ਇਨੀਆਂ ਸੰਗਤਾਂ ਨੂੰ ਕਿੱਥੇ ਬਿਠਾਂਵਾਂਗੇ ? ਕੁੱਝ ਆਪਸੀ ਫੁੱਟ ਕੁੱਝ 'ਕਨਵੈਨਸ਼ਨ' ਦੀ ਸਰਗਰਮੀ ਕਰਕੇ ਸਥਾਨਕ ਖਾਲਿਸਤਾਨੀ ਹੱਥਾਂ ਪੈਰਾਂ 'ਚ ਆਏ ਜਾਪਦੇ ਸਨ ਕੁੱਲ ਮਿਲਾ ਕੇ ਇਉਂ ਪਰਭਾਵ ਬਣਦਾ ਸੀ ਕਿ ਐਤਕੀਂ ਜ਼ਰੂਰ ਕੋਈ ਕੱਦੂ 'ਚ ਤੀਰ ਮਾਰਨਗੇ। ਪਰ ਪੁੱਟਿਆ ਪਹਾੜ ਤੇ ਨਿਕਲਿਆ ਚੂਹਾ ! ਭਾਵੇਂ ਕਈ ਖਾਲਿਸਤਾਨੀ ਗਰੁੱਪਾਂ ਦੇ ਲੀਡਰਾਂ ਤਲਵਿੰਦਰ ਸਿੰਘ ਬੱਬਰ, ਗੰਗਾ ਸਿੰਘ ਢਿੱਲੋਂ, ਦੀਦਾਰ ਸਿੰਘ ਬੈਂਸ ਬਗੈਰਾ ਦੀ ਇਸ ਕਨਵੈਨਸ਼ਨ 'ਤੇ ਪਹੁੰਚਣ ਦੀ ਚਰਚਾ ਸੀ, ਪਰ ਅਸਲ ਵਿਚ ਉਨ੍ਹਾਂ 'ਚੋਂ ਕੋਈ ਨਹੀਂ ਪਹੁੰਚਿਆ। ਪਤਾ ਲੱਗਾ ਕਿ ਇਕੱਲਾ ਦੀਦਾਰ ਸਿੰਘ ਬੈਂਸ ਹੀ ਮੇਲਾ ਵਿਛੜ ਜਾਣ ਤੋਂ ਬਾਅਦ ਰਾਤ ਨੂੰ ਕਿਸੇ ਸਮੇਂ ਪਹੁੰਚਿਆ ਅਤੇ ਆਪਣੀ 'ਸੰਮੇਲਨੀ' ਕੀਤੀ। ਲੋਕਲ ਪ੍ਰਬੰਧਕਾਂ ਨੇ ਆਪਣੇ ਖਾਸੇ ਅਨੁਸਾਰ ਆਪਣੇ ਪ੍ਰਭੂਆਂ ਦਾ ਝੋਲੀ-ਚੁੱਕਪੁਣਾ ਕਰਨ ਲਈ ਮਿਲਟ ਪਾਲ ਅਤੇ ਹੋਰ ਕਈ ਟੋਰੀ ਲੀਡਰਾਂ ਨੂੰ ਅਤੇ ਮੀਡੀਏ ਨੂੰ ਬੁਲਾਇਆ ਹੋਇਆ ਸੀ। ਬਾਰਾਂ ਕੁ ਵਜੇ ਤੋਂ ਪਰੋਗਰਾਮ ਦੇ ਸ਼ੁਰੂ ਤੋਂ ਲੈ ਕੇ ਦੋ ਵਜੇ ਤੀਕ ਆਪਣੇ ਮਾਲਕਾਂ ਨੂੰ ਖੁਸ਼ ਕਰਨ ਲਈ 'ਭਾਸ਼ਣ' ਅੰਗਰੇਜ਼ੀ ਵਿਚ ਕੀਤੇ। ਅੰਗਰੇਜ਼ੀ ਦੇ ਭਾਸ਼ਣ ਦੌਰਾਨ ਬੁਲਾਰਿਆਂ ਨੇ ਐਵੇਂ ਧੱਬ-ਲੀਆਂ ਮਾਰੀਆਂ। ਉਦਾਹਰਣ ਵਜੋਂ ਜਦੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (U.S.A.) ਦੇ ਪ੍ਰਧਾਨ ਡਾ: ਰਾਜਿੰਦਰਪਾਲ ਸਿੰਘ ਖਾਲਸਾ ਦੀ ਸਟੇਜ ਸਕੱਤਰ ਨੇ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਇਹ ਹੁਣ ਸਿੱਖ ਮੰਗਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਤਕਰੀਰ ਕਰਨਗੇ। ਪਰ ਇਸ ਸਖਸ਼ ਨੇ ਸਾਰੀ ਕਹਾਣੀ ਇਸ ਗੱਲ 'ਤੇ ਹੀ ਕੇਂਦਰਤ ਰੱਖੀ ਕਿ ਸਾਨੂੰ ਇਥੇ (ਗੋਰੇ) ਲੋਕ ਅਤਿਵਾਦੀ ਕਹਿੰਦੇ ਹਨ; ਜੇ ਅਸੀਂ ਅਤਿਵਾਦੀ ਹਾਂ ਤਾਂ ਤੁਹਾਡਾ ਜੀਸਸ ਕਰਾਈਸਟ ਅਤਿਵਾਦੀ ਸੀ। ਇਹੋ ਜਿਹਾ ਹੀ ਬਾਕੀ ਪੁੱਠੂਪੁਣਾ ਸੁਣ ਕੇ ਬੁਲਾਏ ਹੋਏ ਗੋਰੇ ਅਤੇ ਮੀਡੀਏ ਦੇ ਲੋਕ ਆਪਣਾ ਸਮਾਨ ਵਲ੍ਹੇਟ ਕੇ ਤੁਰ ਗਏ।

ਦੋ ਕੁ ਵਜੇ ਤੋਂ ਬਾਅਦ ਪੰਜਾਬੀ ਵਿਚ 'ਪਰੋਗਰਾਮ' ਸ਼ੁਰੂ ਹੋਇਆ ਜਦ ਪਹਿਲੇ ਅੰਗਰੇਜ਼ੀ ਵਾਲੀ ਗੱਲਬਾਤ ਤੋਂ ਮਾਯੂਸ ਹੋ ਕੇ ਬਹੁਤੇ ਸਾਧਾਰਨ ਲੋਕ ਘਰੋ ਘਰੀਂ ਜਾ ਚੁੱਕੇ ਸਨ ਅਤੇ ਗਿਣਤੀ ਦੇ ਲੋਕ ਹੀ ਹਾਲ ਵਿਚ ਬੈਠੇ ਸਨ। ਬਹੁਤੇ ਲੋਕ ਇਹ ਆਸ ਲੈ ਕੇ ਆਏ ਸਨ ਕਿ ਸ਼ਾਇਦ ਇਸ ਕਨਵੈਨਸ਼ਨ ਵਿਚ ਇਹ ਕੋਈ ਅਕਲ ਦੀ ਗੱਲ ਕਰਨਗੇ। ਕੁੱਝ ਲੋਕ ਭਾੜੇ 'ਤੇ ਲਿਆਂਦੇ ਰਮਤੇ ਨੂੰ ਸੁਣਨ ਆਏ ਸਨ। ਪਰ ਸਾਰੇ ਪਰੋਗਰਾਮ ਵਿਚ ਅਕਲ ਵਾਲੀ ਗੱਲਬਾਤ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ । ਇੰਟ: ਸਿੱਖ ਯੂਥ ਫੈਡਰੇਸ਼ਨ ਦਾ ਕੋਈ ਹਰਪਾਲ ਸਿੰਘ ਇਸ ਨੂੰ ਸੱਤਵਾਂ ਧਰਮਯੁੱਧ ਦੱਸ ਰਿਹਾ ਸੀ — ਇਹ 'ਯੁੱਧ' ਜਿਹੜਾ ਭਿੰਡਰਾਂਵਾਲਾ ਵੱਲੋਂ 'ਲੜਿਆ' ਗਿਆ ਸੀ। (ਇੰ: ਸਿੱਖ ਯੂਥ ਫੈਡਰੇਸ਼ਨ U.S.A.) ਦੇ ਪਰਧਾਨ ਡਾ: ਰਜਿੰਦਰਪਾਲ ਸਿੰਘ ਖਾਲਸਾ ਨੇ ਤਾਂ ਸ਼ੇਖ ਚਿਲੀ ਨੂੰ ਵੀ ਮਾਤ ਪਾ ਦਿਤਾ। 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਦੇ "ਅਰਥ" ਕਰਦਿਆਂ ਆਪਣੀਆਂ ਮੁੱਛਾਂ ਵਿਚੋਂ ਦੀ ਖਚਰਾ ਹਾਸਾ ਹੱਸਦਿਆਂ ਇਹ ਵਿਅਕਤੀ ਕਹਿ ਰਿਹਾ ਸੀ "ਅਸੀਂ ਹੁਣ ਦੁਨੀਆਂ ਭਰ 'ਚ ਕੋਈ ਆਕੀ ਨਹੀਂ ਰਹਿਣਾ ਦੇਣਾ। ਖਾਲਿਸਤਾਨ ਤਾਂ ਬਣ ਗਿਆ ਸਮਝੋ ... ਅਸੀਂ ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡ ਦਿਆਂ ਕਰਨਾ ਹੈ।" ਉਹਦੀ ਸਪੀਚ ਏਨੀ ਭੱਦੀ ਸੀ ਕਿ ਪਿਛਲੇ ਪਾਸੇ ਕੰਧ ਨਾਲ ਢੋਅ ਲਾਈ ਬੈਠੇ ਕਈ ਸਿਆਣੇ ਬਜ਼ੁਰਗ ਕਹਿ ਰਹੇ ਸਨ "ਇਹ ਡਾਕਟਰ ਕਾਹਦਾ ਐ, ਇਹ ਤਾਂ ਡੰਗਰ ਡਾਕਟਰ ਵੀ ਨਹੀਂ ਲੱਗਦਾ"। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਕਿਵੇਂ ਇਹੋ ਜਿਹੇ ਅਨਸਰ ਆਪਣੀ ਮਰਜ਼ੀ ਮੁਤਾਬਕ ਪ੍ਰਚੱਲਤ ਸਿੱਖ ਸ਼ਬਦਾਂ, ਗੁਰਬਾਣੀ ਅਤੇ ਰਵਾਇਤਾਂ ਨੂੰ ਤਰੋੜਦੇ, ਮਰੋੜਦੇ ਅਤੇ ਆਪਣੀ ਨੀਤ ਅਨੁਸਾਰ ਅਰਥ ਕੱਢਦੇ ਹਨ। "ਸਰਬੱਤ ਦਾ ਭਲਾ" ਦੀ ਹਾਲ ਪਾਹਰਿਆਂ ਕਰਨ ਵਾਲੇ "ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡਣ" ਦੀਆਂ ਡੀਂਗਾਂ ਮਾਰਨ ਵਾਲੇ ਇਹ ਕਿਹੜੇ ਸਰਬੱਤ ਦਾ ਭਲਾ ਕਰਨਗੇ ? ਸੋਚਣਾ ਬਣਦਾ ਹੈ। ਇਹੀ ਸਖਸ਼ ਪੂਰਾ ਗਿੱਥ ਕੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਆਪਣੇ ਵਰਗਾ "ਧੱਕੜ ਜੱਟ" ਕਹਿੰਦਾ ਹੈ ਜੋ ਕਿ ਸਾਂਝੇ ਦਲ ਦਾ ਅੱਜ ਕੱਲ੍ਹ ਸਰਗਰਮ ਜਥੇਦਾਰ ਹੈ। ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਇਸੇ ਜਗਦੇਵ ਸਿੰਘ ਤਲਵੰਡੀ ਦੀ ਸਮਗਲਿੰਗ ਦੇ ਧੰਦੇ 'ਚ ਪੂਰੀ ਬਦਨਾਮੀ ਹੋਣ ਕਰਕੇ ਅੱਜ ਕੱਲ੍ਹ ਉਥੇ ਅਫੀਮ ਦਾ ਦੂਸਰਾ ਨਾਂ 'ਤਲਵੰਡੀ' ਪੈ ਗਿਆ ਹੈ। ਜੇਕਰ ਇਹ ਭੱਦਰਪੁਰਸ਼ ਵੀ ਤਲਵੰਡੀ ਵਰਗਾ "ਧੱਕੜ ਜੱਟ" ਹੈ ਤਾਂ ਇਹਦੇ ਬਾਰੇ ਕੀ ਕਹੀਏ ?

ਬਸੀਨ ਸੱਯਾਦ, ਜੋ ਕਿ ਪਾਕਿਸਤਾਨ ਵਿਚ ਜਹਾਜ਼ ਅਗਵਾਕਾਰਾਂ ਦਾ ਵਕੀਲ ਹੈ, ਨੂੰ ਵੀ ਖਾਲਿਸਤਾਨੀਆਂ ਨੇ ਸਧਾਰਨ ਲੋਕਾਂ ਦੇ ਜ਼ਜ਼ਬਾਤ ਟੁੰਬਣ ਲਈ ਸੱਦਿਆ ਹੋਇਆ ਸੀ। ਅਜਿਹੇ ਸਖਸ਼ਾਂ ਨੂੰ ਸੱਦਣ ਦਾ ਮਤਲਬ ਖਾਲਿਸਤਾਨੀਆਂ ਦਾ ਲੋਕਾਂ ਦੇ ਜਜ਼ਬੇ ਟੁੰਬ ਕੇ ਮਾਇਆ ਦੇ ਗੱਫੇ ਇਕੱਤਰ ਕਰਨਾ ਹੀ ਹੁੰਦਾ ਹੈ। ਇੰਟ: ਸਿੱਖ ਯੂਥ ਫੈਡਰੇਸ਼ਨ ਵੈਨਕੂਵਰ ਦੇ ਮਨਮੋਹਨ ਸਿੰਘ, ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ ਦੇ ਮਹਿੰਦਰ ਸਿੰਘ ਗੋਸਲ ਵਗੈਰਾ ਦੇ ਸਰਸਰੀ ਭਾਸ਼ਨ ਜੈਕਾਰਿਆਂ ਦੀ ਭਰਮਾਰ 'ਚ ਹੀ ਦਮ ਤੋੜ ਗਏ।

ਇੰਟ: ਸਿੱਖ ਯੂਥ ਫੈਡਰੇਸ਼ਨ ਦੇ ਕਨਵੀਨਰ ਲਖਬੀਰ ਸਿੰਘ ਨੇ ਚੱਕਵੀਂ ਬੋਲੀ 'ਚ ਆਪਣੇ ਆਪ ਨੂੰ ਸਾਰੀ ਖਾਲਿਸਤਾਨੀ ਲਹਿਰ ਦਾ ਕਰਤਾ ਧਰਤਾ ਦੱਸਿਆ ਜਿਵੇਂ ਕਿ ਸਿਰਫ ਉਹਦੇ ਕਰਕੇ ਹੀ ਲਹਿਰ ਚੱਲ ਰਹੀ ਹੈ। ਪੂਰੀ ਹਕਾਰਤ ਨਾਲ ਉਸ ਵੱਲੋਂ ਇਥੇ ਅਤੇ ਉਥੇ (ਪੰਜਾਬ) 'ਦੁਸ਼ਟ' ਸੋਧਣ ਪੰਜਾਬ ਵਿਚ ਚੋਣਾਂ ਨਾ ਹੋਣ ਦੇਣ, ਸਾਂਝੇ ਅਕਾਲੀ ਦਲ ਵੱਲੋਂ ਚੋਣਾਂ ਨਾ ਲੜਨ ਦੇ 'ਸ਼ਾਹੀ ਫੁਰਮਾਨ' ਕੀਤੇ ਗਏ। ਸਭ ਤੋਂ ਵੱਧ ਦਿਲਚਸਪ ਗੱਲ ਉਸਨੇ ਇਹ ਕੀਤੀ ਜਦੋਂ ਸਾਂਝੇ ਅਕਾਲੀ ਦਲ ਦੇ ਚੋਣਾਂ ਨਾ ਲੜਨ ਦੇ ਫੈਸਲੇ ਬਾਰੇ ਉਹਨੇ ਕਿਹਾ ਕਿ "ਲੋਕ ਇੰਡੋ ਕਨੇਡੀਅਨ ਟਾਈਮਜ਼ 'ਤੇ ਇਤਬਾਰ ਨਾ ਕਰਨ ਕਿਉਂਕਿ ਉਹ ਤਾਂ ਸਾਰੇ ਜਹਾਨ ਦਾ ਝੂਠਾ ਪਰਚਾ ਹੈ" ਇਸ ਅਖਬਾਰ ਦਾ ਫੌਜੀ ਸੰਪਾਦਕ ਚਿਰਾਂ ਤੋਂ ਖਾਲਿਸਤਾਨੀਆਂ ਤੋਂ ਕੁੱਤੇ-ਝਾਕ 'ਚ ਬੈਠਾ ਸੀ ਕਿ ਸ਼ਾਇਦ ਬੁਰਕੀ ਪਵੇਗੀ, ਪਰ ਉਨ੍ਹਾਂ ਨੇ ਇਕ ਦਮ ਹੀ ਛਿੱਤਰਾਂ ਦਾ ਮੀਂਹ ਵਰਸਾ ਦਿਤਾ!

ਖਾਲਿਸਤਾਨੀਆਂ ਦੇ ਇਹ ਡੱਡੂਆਂ ਦੀ ਪੰਸੇਰੀ ਵਾਂਗ ਇਕੱਲੇ ਕੀਤੇ ਅਨਸਰ ਬਾਹਰੋਂ ਦੇਖਣ ਵਾਲੇ ਨੂੰ ਤਾਂ ਭਾਵੇਂ ਨਿਹੰਗਬਾਣੇ ਵਿਚ ਸਜੇ ਹੋਏ ਇਕੋ ਜਿਹੇ ਲਗਦੇ ਸਨ, ਪਰ ਅੰਦਰੋਂ ਇਹ ਝਮੇਲਾ ਆਪਸੀ ਫੁਟ, ਚਿੱਕੜਬਾਜ਼ੀ, ਮਿਹਣੇ ਤਾਅਨੇ ਅਤੇ ਆਪਸੀ ਧਮਕੀਆਂ ਨਾਲ ਗ੍ਰਸਿਆ ਹੋਇਆ ਸੀ। ਉਦਾਹਰਣ ਵਜੋਂ ਜਦੋਂ ਟਰਾਂਟੋ ਤੋਂ ਆਏ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਮੈਂਬਰ ਕੁਲਦੀਪ ਸਿੰਘ ਸੋਢੀ ਨੇ ਕਿਹਾ "ਅਸੀਂ ਤਾਂ ਆਪ ਬਾਬਾ ਜੁਗਿੰਦਰ ਸਿੰਘ ਦੇ ਥਾਪੇ ਦਲ ਦੇ ਮੁਦੱਈ ਹਾਂ, ਪਤਾ ਨਹੀਂ ਲਖਬੀਰ ਸਿੰਘ ਸਾਡੇ ਨਾਲ ਗੱਲਬਾਤ ਕਰਨ ਤੋਂ ਕਿਉਂ ਝਿਜਕਦਾ ਹੈ" ਇਸ ਦੇ ਜਵਾਬ ਵਿਚ ਲਖਬੀਰ ਸਿੰਘ ਨੇ ਉਹਦੀ ਚੰਗੀ ਧੌੜੀ ਲਾਹੀ ਕਿ "ਜਿਹੜਾ ਬੰਦਾ ਪੈਰ ਪੈਰ 'ਤੇ ਝੂਠ ਬੋਲੇ, ਸਾਡੀ ਫੈਡਰੇਸ਼ਨ ਵਿਚ ਫੁਟ ਪਾ ਕੇ ਇਕ ਤੋਂ ਦੋ ਬਣਾਉਣ ਦੀਆਂ ਗੱਲਾਂ ਕਰੇ, ਉਸ ਬਾਰੇ ਸੰਗਤ ਹੀ ਦੱਸੇ ਕਿ ਉਸ 'ਤੇ ਕਿਵੇਂ ਇਤਬਾਰ ਕਰੀਏ ?" ਵੱਖ ਵੱਖ ਧੜਿਆਂ ਵਿਚਕਾਰ ਇੱਟ ਕੁਤੇ ਵਾਲਾ ਵੈਰ ਅਤੇ ਆਪਸੀ ਗੱਤਕੇਬਾਜ਼ੀ ਦੀ ਝਲਕ ਸਥਾਨਕ ਖਾਲਿਸਤਾਨੀਆਂ ਦੀ ਸਥਾਨਕ ਗੁਰਦੁਆਰੇ ਦੀ ਕੁੱਝ ਹਫਤੇ ਹੀ ਪਹਿਲਾਂ ਹੋਈ ਚੋਣ ਵਿਚ ਪ੍ਰਤੱਖ ਸੀ। ਇਸ ਤੋਂ ਇਹਨਾਂ ਦੀ ਨੀਅਤ ਹੋਰ ਵੀ ਸਫਾ ਹੋ ਜਾਂਦੀ ਹੈ।

ਪਰੋਗਰਾਮ ਵਿਚ ਸਾਧਾਰਨ ਲੋਕਾਂ ਨੂੰ ਵਰਗਲਾਉਣ ਲਈ ਹਜ਼ਾਰਾ ਸਿੰਘ ਰਮਤਾ ਸੱਦਿਆ ਹੋਇਆ ਸੀ। ਸਿਰੇ ਦੇ ਲੁੱਚੇ ਗੀਤ ਗਾਉਣ ਵਾਲਾ 'ਫੀਮ ਦੇ ਧੰਦੇ ਵਿਚ ਬਦਨਾਮ, ਦਾੜੀ ਮੁੱਛ ਧਾਰੀ ਇਹ ਸਿੱਖੀ ਬਾਣੇ ਵਿਚ ਬਦਮਾਸ਼ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ "ਸ਼ੀਸ਼ੇ ਵਰਗੀ ਬ੍ਰਾਮਣੀ" ਨੂੰ "ਵਿਹੜੇ ਵਿਚ ਢਾਹੁਣ" ਵਰਗੇ 'ਪਵਿੱਤਰ' ਸ਼ਬਦਾਂ ਨਾਲ ਆਪਣੀ 'ਰਸਨਾ ਪਵਿਤਰ' ਕਰ ਰਿਹਾ ਸੀ ਤੇ ਤੇ ਇੰਦਰਾ ਦੇ ਕਤਲ ਪਿਛੋਂ 'ਬੋਤਲਾਂ ਦੇ ਡੱਟ' ਖੋਹਲਣ ਵਰਗਾ 'ਅੰਮ੍ਰਿਤ ਪਰਚਾਰ' ਕਰ ਰਿਹਾ ਸੀ ਜਿਸਨੂੰ 'ਛਕ ਕੇ' ਖਾਲਿਸਤਾਨੀ ਆਪਣਾ ਜਨਮ ਸਫਲਾ ਕਰ ਰਹੇ ਸਨ। ਯਾਦ ਰਹੇ ਇਸ ਲੁਚੇ ਗੌਂਡਰ ਦੇ ਪਰੋਗਰਾਮ 'ਤੇ ਆਉਣ ਬਾਰੇ ਇਥੋਂ ਦੇ ਸਥਾਨਕ ਖਾਲਿਸਤਾਨੀਏ ਨੇ ਕਈ ਹਫਤੇ ਪਹਿਲਾਂ ਹੀ ਆਪਣੀ ਭੱਦੀ ਆਵਾਜ਼ ਵਿਚ ਰੌਲਾ ਪਾਉਣਾ ਸ਼ੁਰੂ ਕੀਤਾ ਹੋਇਆ ਸੀ। ਇਕ ਪਾਸੇ ਲਖਬੀਰ ਸਿੰਘ ਵਰਗਾ ਕਹਿ ਰਿਹਾ ਸੀ "ਫੰਡ ਸਾਨੂੰ ਦਿਓ ਅਸੀਂ ਭੇਜ ਦਿਆਂਗੇ ਜਿਵੇਂ ਸੰਗਤ ਚਾਹੇਗੀ।" ਪਰ ਦੂਜੇ ਪਾਸੇ ਭਾੜੇ 'ਤੇ ਲਿਆਂਦਾ ਰਮਤਾ ਕਹਿ ਰਿਹਾ ਸੀ ਇਹ ਫੰਡ ਕਿਸੇ ਗੁਰੂ ਕੇ ਲੰਗਰ ਨੂੰ ਨਹੀਂ ਜਾਂਦੇ ਸਗੋਂ ਇਹਨਾਂ ਦੇ ਆਪਣੇ ਘਰਾਂ ਦੇ ਲੰਗਰਾਂ ਨੂੰ ਜਾਂਦੇ ਹਨ।

ਪਰੋਗਰਾਮ ਦੌਰਾਨ ਤਿੰਨ ਵਾਰੀ ਕਿਹਾ ਗਿਆ ਕਿ ਦੀਦਾਰ ਸਿੰਘ ਬੈਂਸ ਵੀ ਪਹੁੰਚ ਰਿਹਾ ਹੈ। ਪਰ ਉਹ ਨਹੀਂ ਪਹੁੰਚਿਆ। ਪਤਾ ਲੱਗਾ ਕਿ ਇਹ 'ਭੱਦਰ ਪੁਰਸ਼' ਰਾਤ ਨੂੰ ਕਿਸੇ ਸਮੇਂ ਪਹੁੰਚਿਆ ਤੇ ਕਿਸੇ ਦੇ ਘਰੇ ਮੀਟਿੰਗ ਕੀਤੀ। ਅਸਲ ਵਿਚ ਇਸ 'ਕਨਵੈਨਸ਼ਨ' ਵਿਚ ਜਸਵੰਤ ਸਿੰਘ ਭੁੱਲਰ, ਤਲਵਿੰਦਰ ਸਿੰਘ ਬੱਬਰ, ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿਲੋਂ, ਦੀਦਾਰ ਸਿੰਘ ਬੈਂਸ ਆਦਿ ਚੋਂ ਕੋਈ ਨਹੀਂ ਪਹੁੰਚਿਆ ਜਦ ਕਿ ਰੇਡੀਓ ਉਤੇ ਇਹਨ੍ਹਾਂ ਚੋਂ ਕਈਆਂ ਦੇ ਆਉਣ ਦਾ ਢੰਡੋਰਾ ਪਿਟਿਆ ਗਿਆ ਸੀ। ਹਮੀਦੇ ਪਹਿਲਵਾਨ ਬਾਰੇ ਮਸ਼ਹੂਰ ਸੀ ਕਿ ਉਹ ਆਪ ਕਿਸੇ ਨਾਲ ਘੁਲਣ ਤੋਂ ਪਹਿਲਾਂ ਵਿਰੋਧੀ ਪਹਿਲਵਾਨ ਨਾਲ ਆਪਣੇ ਪੱਠਿਆਂ ਦਾ ਘੋਲ ਕਰਵਾਉਂਦਾ ਹੁੰਦਾ ਸੀ। ਇਸ ਤਰਾਂ ਲਗਦਾ ਹੈ ਕਿ ਇਹ 'ਕਨਵੈਨਸ਼ਨ' ਵੀ ਅਸਲ ਪਹਿਲਾਂ ਦੱਸੇ 'ਪਹਿਲਵਾਨਾਂ' ਦੇ ਆਪੋ ਆਪਣੇ ਪੱਠਿਆਂ ਵਿਚ ਚੁੰਝ-ਪੌਂਚਾ ਕਰਵਾਉਣ ਲਈ ਸੱਦੀ ਗਈ ਸੀ।

ਕਨਵਧੈਨਸ਼ਨਾਂ ਆਮ ਤੌਰ 'ਤੇ ਖਾਸ ਮਸਲਿਆਂ 'ਤੇ ਵਿਚਾਰ-ਵਿਟਾਂਦਰਾ ਕਰਨ ਲਈ, ਲੋਕਾਂ ਵਿਚ ਆਪਣੇ ਵਿਚਾਰ ਰੱਖਣ ਲਈ, ਮਸਲੇ ਦੇ ਹਰ ਪੱਖ ਤੋਂ ਹਾਣ ਲਾਭ ਵਿਚਾਰਨ ਲਈ, ਆਪਣੀਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ ਲੱਭਣ ਲਈ ਅਤੇ ਆਪਣੇ ਮੱਤਭੇਦਾਂ ਨੂੰ ਵਿਚਾਰਾਂ ਨਾਲ ਤੇ ਦਲੀਲ ਦੀ ਕਸਵੱਟੀ ਉਤੇ ਪਰਖਕੇ ਦੂਰ ਕਰਨ ਲਈ ਬੁਲਾਈਆਂ ਜਾਂਦੀਆਂ ਹਨ। ਪਰ ਇਸ ਕਨਵੈਨਸ਼ਨ ਵਿਚ ਅਜਿਹਾ ਕੁੱਝ ਕਿਤੇ ਵੀ ਨਜ਼ਰ ਨਹੀਂ ਆਇਆ। ਵਾਰ ਵਾਰ "ਖਾਲਿਸਤਾਨ ਬਣ ਜਾਣਾ ਹੈ", "ਖਾਲਿਸਤਾਨ ਬਣ ਕੇ ਰਹੇਗਾ" ਤੇ ਹੈ "ਖਾਲਿਸਤਾਨ ਜ਼ਿੰਦਾਬਾਦ" ਦੇ ਛੁਣਛੁਣੇ ਵਰਤਾ ਕੇ ਭਾਵੇਂ ਖਾਲਿਸਤਾਨੀ ਅਨਸਰ ਆਪਣਾ ਕੰਮ ਕੱਢ ਲਿਆ ਸਮਝ ਰਹੇ ਸਨ। ਪਰ ਆਮ ਸਧਾਰਨ ਲੋਕ ਇਹਨਾਂ ਦੀਆਂ ਸਾਰੀਆਂ ਮੋਮੋਠੱਗਣੀਆਂ ਚਾਲਾਂ ਨੂੰ ਸਮਝਦੇ ਹਨ। "ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡਣਾ" ਕੋਈ ਤਿੰਨ ਮੇਲ ਦਾ ਕੜਾਹ ਨਹੀਂ ਜੋ ਇਹ ਖਾਲਿਸਤਾਨੀ ਹਰ ਹਫਤੇ ਛਕ ਲੈਣਗੇ। ਇਹਨਾਂ ਦੀ "ਦੂਰ-ਦ੍ਰਿਸ਼ਟੀ" ਸ਼ਾਇਦ ਹਰ ਸਾਲ ਨਵੇਂ ਗੁਰਦੁਆਰੇ 'ਤੇ ਕਬਜ਼ਾ ਕਰਨ ਨੂੰ ਹੀ ਨਵੇਂ ਦੇਸ਼ 'ਤੇ ਝੰਡਾ ਗੱਡਣਾ ਮੰਨਦੀ ਹੋਵੇਗੀ।

ਸਾਰੀ ਕਨਵੈਨਸ਼ਨ ਹੀ ਆਪਸੀ ਮੇਹਣੇ, ਤੁਹਮਤਬਾਜ਼ੀ, ਚੱਕਵੇਂ ਨਾਅਰਿਆਂ ਤੇ ਜੈਕਾਰਿਆਂ ਦੀ ਭਰਮਾਰ ਵਿਚ ਹੀ ਦਮ ਤੋੜ ਗਈ। ਲੋਕਾਂ ਦੀ ਵੱਡੀ ਗਿਣਤੀ ਤਾਂ ਅੰਗਰੇਜ਼ੀ ਭਾਸ਼ਨਾਂ ਦੌਰਾਨ ਹੀ ਘਰੋਂ ਘਰ ਚਲੀ ਗਈ। ਲੋਕਾਂ ਦੀ ਗਿਣਤੀ ਬਾਰੇ ਇਹਨਾਂ ਦੇ ਹੀ ਭਾੜੇ 'ਤੇ ਲਿਆਂਦੇ ਰਮਤੇ ਨੇ ਕਿਹਾ "ਲਗਦਾ ਐ ਜਾਂ ਤਾਂ ਹਾਲ ਵੱਡਾ ਹੋ ਗਿਆ, ਜਾਂ ਸੰਗਤ ਸੁੰਗੜ ਗਈ ਹੈ ਅਤੇ ਜਾਂ ਫਿਰ ਮੈਂ ਸੁੱਤਾ ਪਿਆ ਉਠਿਆ ਹਾਂ।" ਅਜੇ ਵੀ ਕੋਈ ਸ਼ੱਕ ਦੀ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ ? ਸਾਰੀ ਕਨਵੈਨਸ਼ਨ ਵਿਚ ਬਹੁਤਾ ਰੋਅਬ ਦਾਅਬ ਇੰਟ: ਸਿੱਖ ਯੂਥ ਫੈਡਰੇਸ਼ਨ ਵਾਲਿਆਂ ਦਾ ਜਾਪਦਾ ਸੀ ਜਦ ਕਿ ਵਰਲਡ ਸਿਖ ਆਰਗੇਨਾਈਰਜੇਸ਼ਨ ਦੇ ਹਾਮੀ, ਜਿੰਨਾਂ ਵਿਚ ਇਥੋਂ ਦਾ ਇਕ ਰੇਡੀਓ ਅਨਾਊਂਸਰ ਵੀ ਹੈ, ਗੁਰਦੁਆਰੇ ਦੇ ਹੇਠਲੇ ਲੈਵਲ 'ਤੇ ਲੰਗਰ ਨੂੰ ਜਾਂਦੀਆਂ ਪੌੜੀਆਂ ਕੋਲ ਹੀ ਦੜ ਵੱਟੀ ਬੈਠੇ ਰਹੇ ਪਰ ਲੋਕਲ ਸਿਖ ਯੂਥ ਫੈਡਰੇਸ਼ਨ ਨਿਹੰਗਬਾਣਿਆਂ ਵਿਚ ਅਬਦਾਲੀ ਦੇ ਸਿਪਾਹੀਆਂ ਵਾਂਗ ਦਨਦਨਾਉਂਦੇ ਫਿਰ ਰਹੇ ਸਨ।

ਕਨਵੈਨਸ਼ਨ ਦਾ 'ਭੋਗ' ਪੈਣ 'ਤੇ ਜਦ ਬਾਹਰ ਆਏ ਤਾਂ ਇਕ ਸੱਜਣ ਨੇ ਮੈਨੂੰ ਕਨਵੈਨਸ਼ਨ ਬਾਰੇ ਮੇਰੇ ਪ੍ਰਭਾਵ ਪੁੱਛੇ ਤਾਂ ਮੈਂ ਕਿਹਾ :

"ਬਹੁਤ ਸ਼ੋਰ ਸੁਨਤੇ ਥੇ ਪਾਹਿਲੂ ਮੇ ਦਿਲ ਕਾ
ਜੁ ਚੀਰਾ ਤੋ ਏਕ ਕਤਰਾ - ਏ - ਖੂਨ ਨਿਕਲਾ।"

(ਧੰਨਵਾਦ ਸਹਿਤ 'ਵਤਨੋਂ ਦੂਰ ਵਿਚੋਂ')

ਆਪਣੀ ਨਜ਼ਰ ਹੀ ਸਾਫ ਨਾਂਹ ਹੋਵੇ ਸਭ ਕੁਝ ਮੈਲਾ ਲਗਦਾ ਹੈ,
ਕੁਝ ਨਾਹ ਹੋਵੇ ਘੜ ਲੈਂਦੇ ਨੇ ਦੁਨੀਆਂ ਵਿਚ ਅਫਸਾਨੇ ਲੋਕ।

ਜ਼ਿਲਾ ਜਥੇਦਾਰ ਸੰਧੂ ਵਿਰੁਧ ਮੁਜ਼ਾਹਰਾ

ਚੰਡੀਗੜ੍ਹ — ਹਲਕਾ ਪਾਇਲ ਦੇ ਕਾਫੀ ਗਿਣਤੀ ਵਰਕਰਾਂ ਨੇ ਇਥੇ ਜ਼ਿਲਾ ਜਥੇਦਾਰਾਂ ਦੀ ਮੀਟਿੰਗ 'ਚ ਭਾਗ ਲੈਣ ਲਈ ਆਏ ਜ਼ਿਲਾ ਅਕਾਲੀ ਜਥਾ ਦੇ ਪ੍ਰਧਾਨ ਸ: ਤਾਲਿਬ ਸਿੰਘ ਸੰਧੂ ਐਮ. ਐਲ. ਏ. ਵਿਰੁਧ ਮੁਜ਼ਾਹਰਾ ਕੀਤਾ। ਇਹ ਮੁਜ਼ਾਹਰਾ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੀ ਸੈਕਟਰ ਦੋ ਕ ਸਥਿਤ ਸਰਕਾਰੀ ਕੋਠੀ ਨੇੜੇ ਕੀਤਾ ਗਿਆ। ਇਸ ਤੋਂ ਪਹਿਲਾਂ ਪਾਇਲ ਹਲਕੇ ਦੇ ਅਕਾਲੀ ਨੇਤਾਵਾਂ ਦੇ ਇਕ ਵਫਦ ਨੇ ਜਥੇਦਾਰ ਮੰਗਤ ਰਾਇ ਸਿੰਘ ਦੀ ਅਗਵਾਈ ਹੇਠ ਮੁਖ ਮੰਤਰੀ ਨੂੰ ਮਿਲ ਕੇ ਸ਼ਿਕਾਇਤ ਕੀਤੀ ਕਿ ਸ: ਸੰਧੂ ਤੇ ਦੋ ਹੋਰ ਅਕਾਲੀ ਵਿਧਾਇਕ ਯੂਥ ਅਕਾਲੀ ਵਿੰਗ ਪਾਇਲ ਦੇ ਪ੍ਰਧਾਨ ਸ: ਗੁਰਜੀਤ ਸਿੰਘ 'ਤੇ ਹਮਲਾ ਕਰਨ ਵਾਲੇ ਮੁਖ ਦੋਸ਼ੀ ਦੀ ਹਮਾਇਤ ਕਰ ਰਹੇ ਹਨ ਅਤੇ ਪੁਲਸ ਅਧਿਕਾਰੀਆਂ ਨੂੰ ਉਸ ਵਿਰੁਧ ਕਾਰਵਾਈ ਨਹੀਂ ਕਰਨ ਦੇ ਰਹੇ। ਉਨ੍ਹਾਂ ਕਿਹਾ ਕਿ ਇਹ ਹਮਲਾ ਪਾਇਲ ਤੋਂ ਚੋਣ ਹਾਰੇ ਕਾਂਗਰਸੀ ਉਮੀਦਵਾਰ ਸ. ਬੇਅੰਤ ਸਿੰਘ ਸਾਬਕਾ ਮੰਤਰੀ ਦੇ ਬੰਦਿਆਂ ਨੇ ਕੀਤਾ।

ਹਰਿਆਣਾ ਪੁਲੀਸ ਅਧਿਕਾਰੀਆਂ ਦੇ ਤਬਾਦਲੇ

ਚੰਡੀਗੜ੍ਹ — ਹਰਿਆਣਾ ਪੁਲੀਸ ਨੇ ਸੂਬਾਈ ਪੁਲੀਸ ਵਿਭਾਗ 'ਚ ਵਿਆਪਕ ਰੱਦੋ-ਬਦਲ ਕੀਤੀ ਹੈ ਅਤੇ ਡੀ. ਆਈ. ਜੀ. (ਸੀ(ਆਈ(ਡੀ(ਸ੍ਰੀ ਜੇ. ਪੀ. ਅਤਰੇ ਸਮੇਤ ਡੀ. ਆਈ. ਜੀ. ਰੈਂਕ ਦੇ ਛੇ ਅਧਿਕਾਰੀਆਂ ਨੂੰ ਤਬਦੀਲ ਕਰ ਦਿ ਤਾ ਹੈ। ਸ੍ਰੀ ਅਤਰੇ ਦੀ ਜਗ੍ਹਾ ਹਿਸਾਰ ਰੇਂਜ ਦੇ ਡੀ. ਆਈ. ਜੀ. ਸ੍ਰੀ ਵੀ. ਐਨ. ਨਾਗੀ ਨੇ ਸੰਭਾਲ ਲਈ ਹੈ। ਸ੍ਰੀ ਨੇਗੀ ਦੀ ਜਗ੍ਹਾ ਡੀ. ਆਈ. ਜੀ. ਵੈਲਫੇਅਰ ਰੂਲਜ ਸ੍ਰੀ ਵਾਈ. ਹਰੀ ਸ਼ੰਕਰ ਨੂੰ ਨੂੰ ਭੇਜ ਦਿਤਾ ਗਿਆ ਹੈ।

ਵਿਅੰਗ

ਬਾਡੀ ਗਾਰਡਾਂ 'ਚ ਘਿਰੇ ਨੇਤਾ ਜੀ

—ਕੇ. ਐਲ. ਗਰਗ

ਸਾਧ ਸੰਗਤਾਂ 'ਚ ਮਾਸੂਮ ਦੁਸ਼ਟਾ 'ਚ, ਜਨਤਾ ਮਹਿੰਗਾਈ 'ਚ ਅਤੇ ਵਿਚਾਰੇ ਨੇਤਾ ਜੀ ਬਾਡੀਗਾਰਡਾਂ 'ਚ ਘਿਰੇ ਹੋਏ ਹਨ। ਸਾਡੇ ਹਰਮਨ ਪਿਆਰੇ ਨੇਤਾ ਤੋਤਾ ਰਾਮ ਜੀ ਨੇ ਜਦ ਕੋਰਟ 'ਚ ਆਪਣੇ ਨਾਮਜ਼ਦਗੀ ਦੇ ਕਾਗਜ਼ ਦਾਖਲ ਕਰਵਾਏ ਤਾਂ ਅਫਸਰ ਨੇ ਕਾਗਜ਼ ਫੜ੍ਹਦਿਆਂ ਹੀ ਦੋ ਮੁੱਛ-ਮਰੋੜ ਬੰਦੂਕ ਧਾਰੀਆਂ ਵੱਲ ਇਸ਼ਾਰਾ ਕੀਤਾ। ਇਸ਼ਾਰਾ ਹੁੰਦਿਆਂ ਹੀ ਦੋਵੇਂ ਲੈਫਟ ਰਾਈਟ ਕਰਦੇ ਨੇਤਾ ਜੀ ਦੇ ਅਗਲ ਬਗਲ ਖਲ੍ਹੋ ਗਏ। ਨੇਤਾ ਜੀ ਦੇ ਬੁਲ੍ਹਾਂ 'ਤੇ ਸਿਕਰੀ ਆ ਗਈ। ਮੱਥੇ ਤੋਂ ਪਸੀਨੇ ਦੀਆਂ ਧਰਾਲਾਂ ਵਗਣ ਲਗ ਪਈਆਂ। ਲੱਗਾ ਜਿਵੇਂ ਮੌਤ ਦੇ ਵਰੰਟ ਹੋਣ।

"ਚੋਣਾਂ 'ਚ ਤਾਂ ਹਰ ਕੋਈ ਖੜ੍ਹੋ ਸਕਦੈ — ਇਹ ਕੋਈ ਜੁਰਮ ਤਾਂ ਨੀ — ਫੇਰ ਇਹ ਬੰਦਿਆਂ ਨੂੰ ਕਾਹਨੂੰ ਤਕਲੀਫ ਦਿੰਦੇ ਓਂ — ..?" ਨੇਤਾ ਜੀ ਥੋੜ੍ਹਾ ਜੇਰਾ ਰੱਖ ਕੇ ਬੋਲੇ।

"ਘਬਰੋ ਨਾ ਨੇਤਾ ਜੀ — ਇਹ ਤਾਂ ਥੋਡੇ ਸੇਵਕ ਐ — ਥੋਡੀ ਹਿਫਾਜ਼ਤ ਕਰਨਗੇ ਥੋਨੂੰ ਨੂੰ ਨੂੰ ਤੋਂ ਬਚਾਉਣਗੇ ...।" ਅਫਸਰ ਨੇ ਮੁਸਕਰਾਂਦਿਆਂ ਕਿਹਾ।

"ਪਰ ਅਸੀਂ ਤਾਂ ਆਜ਼ਾਦ ਉਮੀਦਵਾਰ ਆਂ ਜੀ ਸਾਡੀ ਮੌਤ 'ਤੇ ਕਿਹੜਾ ਹੁਣ ਚੋਣਾਂ ਰੁਕਣੀਐਂ — ਇਕ ਆਰਡੀਨੈਂਸ ਹੀ ਹੋਰ ਪਾਸ ਕਰ ਦਿਓ ਬਈ ਸਾਨੂੰ ਕੋਈ ਮਾਰੇ ਵੀ ਨਾ ...।"

"ਡੈਮੋਕਰੇਸੀ 'ਚ ਸਭ ਦੀ ਜਾਨ ਇਕੋ ਜਿਹੀ ਐ ਕੀ ਪਾਰਟੀ ਨੇਤਾ ਤੇ ਕੀ ਆਜ਼ਾਦ ਨੇਤਾ — ਇਹ ਤਾਂ ਥੋਨੂੰ ਲੈਣੇ ਈ ਪੈਣੇ ਐਂ ...। ਗੱਡੀ ਲਿਆਓ ਤੇ ਇਨ੍ਹਾਂ ਨੂੰ ਲੈ ਜੋ।" ਅਫਸਰ ਨੇ ਜ਼ੋਰ ਦਿੰਦਿਆਂ ਕਿਹਾ।

"ਗੱਡੀ ਛੱਡ ਸਾਡੇ ਕੋਲ ਤਾਂ ਗੱਡਾ ਵੀ ਨਹੀਂ ਮਹਾਰਾਜ। ਹਾਂ ਚੋਣਾਂ ਜਿੱਤਣ ਤੋਂ ਬਾਦ ਭਾਵੇਂ ਆ ਜੇ — ਜਾਂ ਜੇ ਕਿਸੇ ਦੇ ਹੱਕ 'ਚ ਬੈਠਣਾ ਪੈ ਜੇ ਤਾਂ ਵੀ ਸ਼ਾਇਦ ਕੰਮ ਬਣ ਜੇ — ਹਾਲ ਦੀ ਘੜੀ ਤਾਂ ਇਹ ਸੈਕਲ ਐ — ਪਰ ਹਜ਼ੂਰ ਸਾਡਾ ਚੋਣ ਨਿਸ਼ਾਨ ਵੀ ਸੈਕਲ ਈ ਐ — ਸੈਕਲ ਇਨ੍ਹਾਂ ਨੂੰ ਦੇ ਕੇ ਜਨਤਾ ਨੂੰ ਦਿਖਾਉਣ ਲਈ ਸਾਡੇ ਕੋਲ ਕੀ ਰਹਿ ਜੂ ...।"

"ਜਿਵੇਂ ਮਰਜ਼ੀ ਕਰੋ ਨੇਤਾ ਜੀ — ਇਨ੍ਹਾਂ ਨੂੰ ਘਰ ਲੈ ਜੋ — ਇਨ੍ਹਾਂ ਦੇ ਦਾਣੇ ਪਾਣੀ ਦਾ ਇੰਤਜ਼ਾਮ ਕਰੋ ...।"

"ਘਰ ਕਿਹੜਾ ਅਸੀਂ ਤਾਂ ਆਪ ਧੋਬੀ ਘਾਟ ਤੇ ਰਾਤ ਕੱਟਦੇ ਆਂ ਤੇ ਰਹੀ ਗੱਲ ਦਾਣੇ ਪਾਣੀ ਦੀ ਅਸੀਂ ਤਾਂ ਆਪ ਕਦੀ ਢਾਬੇ ਤੋਂ ਤੇ ਕਦੀ ਗੁਰੂ ਦੇ ਅਤੁੱਟ ਲੰਗਰ ਚੋਂ ਛਕਦੇ ਆਂ — ਇਹ ਵੀ ਉਥੇ ਈ ਛਕ ਲਿਆ ਕਰਨਗੇ — ਪਰ ਜੇ ਨਾ ਈ ਲਿਜਾਈਏ ...ਫਿਰ !"

"ਨਾ ਜੀ ਇਹ ਨੀ ਹੋ ਸਕਦਾ — ਸਾਨੂੰ ਬੜੇ ਸਖਤ ਹੁਕਮ ਐਂ।"

ਤੋਤਾ ਰਾਮ ਆਜ਼ਾਦ ਪੰਛੀ ਸੰਗੀਨਾਂ "ਚ ਘਿਰ ਗਏ ...

ਖੱਬੀਖਾਨ ਪਾਰਟੀਆਂ ਦੇ ਨੇਤਾ ਵੀ ਬਾਡੀਗਾਰਡਾਂ ਤੋਂ ਪਰੇਸ਼ਾਨ ਹਨ। ਉਨ੍ਹਾਂ ਦਾ ਆਪਣੀ ਪਿਆਰੀ ਜਨਤਾ ਨਾਲ ਖੁਲ੍ਹ ਕੇ ਮਿਲਣ ਨਹੀਂ ਹੋ ਰਿਹਾ। ਉਹ ਵਾਰ ਵਾਰ ਇਹੋ ਬਿਰਹੋਂ ਗੀਤ ਘਰ ਦੇ ਗੁਸਲਖਾਨੇ 'ਚ ਖਲੋ ਕੇ ਘਰਾਟ ਵਰਾਗੀ ਸੁਰ 'ਚ ਗਾਉਂਦੇ ਹਨ :

"ਹੋਗਾ ਮਿਲਣ ... ਹੋਗਾ ਹੋਗਾ ..ਮਿਲਣ ..।"

ਨੇਤਾ ਜੀ ਦੀ ਪਰਾਈਵੇਟ ਲਾਈਫ ਬਿਲਕੁਲ ਖਤਮ ਹੋਈ ਪਈ ਹੈ — ਸੁੰਦਰ ਸੁੰਦਰ ਕਾਮਲੀ, ਕੁਮਦਨੀ ਤੇ ਲਚਕ ਬਦਨੀ ਦੇ ਦਰਸ਼ਨ ਨਹੀਂ ਕਰ ਸਕੇ। ਵਿਸਕੀ ਪੀਤੇ ਬਿਨਾਂ ਮੂੰਹ ਦਾ ਸੁਆਦ ਈ ਬਿਗੜਿਆ ਪਿਐ। ਇਕ ਹੋਰ ਨੇਤਾ ਜੀ ਸ਼ਿਕਾਇਤੀ ਤੇ ਦੁਖੀ ਲਹਿਜ਼ੇ 'ਚ ਕਹਿ ਰਹੇ ਸਨ :

"ਜਦੋਂ ਦੇ ਇਨ੍ਹਾਂ ਜਮਦੂਤਾਂ 'ਚ ਘਿਰੇ ਆਂ ਢਿੱਡ 'ਚ ਗੋਲਾ ਜਿਹਾ ਬੱਝ ਗਿਐ — ਕਦੀ ਡਾਕਟਰਾਂ ਨੂੰ ਦਿਖਾਈਐ — ਹਕੀਮੀ ਨੁਸਖ਼ੇ ਵੀ ਵਰਤੇ ਪਰ ਗੋਲਾ ਕੱਠਾ ਈ ਹੋਈ ਜਾਂਦੈ — ਤੁਸੀਂ ਈ ਦੱਸੋ ਕੋਈ ਇਲਾਜ ...

ਅਸੀਂ ਨੇਤਾ ਜੀ ਦੇ ਕਾਫੀ ਪੁਰਾਣੇ ਵਾਕਿਫਕਾਰ ਮਿਤਰਾਂ 'ਚੋਂ ਹਾਂ। ਮੌਕੇ ਬੇਮੌਕੇ ਆਪਣੀ ਨਾਯਾਬ ਸਲਾਹ ਦਿੰਦੇ ਹੀ ਰਹਿੰਦੇ ਹਾਂ। ਅਸੀਂ ਕਿਹਾ :

"ਨੇਤਾ ਜੀ, ਇਹ ਤਾਂ ਚੋਣਾਂ ਭਾਸ਼ਣਾਂ ਦਾ ਗੁਬਗੁਬਾਟ ਐ ਜਿਸ ਦਿਨ ਖੁਲ੍ਹ ਕੇ ਸਟੇਜ 'ਤੇ ਗਰਜੋਂਗੇ ਆਪੇ ਠੀਕ ਹੋ ਜੂ — ਬੱਸ ਜ਼ਰਾ ਮੌਕਾ ਮਿਲਣ ਦਿਓ।"

ਨੇਤਾ ਜੀ ਸਾਡੀ ਗੱਲ ਸੁਣਦਿਆਂ ਹੀ ਉਦਾਸ ਹੋ ਗਏ। ਕਹਿਣ ਲੱਗੇ "ਅਜੀਜ਼ ਐਤਕੀਂ ਨੀ ਮਿਲਣਾ ਇਹੋ ਜਿਹਾ ਮੌਕਾ। ਸਹੁਰੇ ਕਿਹੋ ਜਿਹੇ ਦਿਨ ਆਗੇ — ਵੀਹ ਵੀਹ ਸਟੇਜਾਂ 'ਤੇ ਸ਼ੇਰ ਆਂਗੂ ਬੁੱਕਣਾ — ਸ਼ਾਮ ਤਾਈਂ ਹੌਲੇ ਫੁੱਲ ਹੋ ਜਾਈਦਾ ਸੀ ਤੇ ਜਿਹੜੀ ਹੁਣ ਫਟਕੜੀ ਫੁੱਲ ਹੋਈ ਐ ..।"

"ਗੁਸਲਖਾਨੇ 'ਚ ਸ਼ੀਸ਼ੇ ਮੂਹਰੇ ਭਾਸ਼ਣ ਝਾੜ ਲਿਆ ਕਰੋ ...।" ਅਸੀਂ ਸਲਾਹ ਦਿੰਦੇ ਹਾਂ।

"ਪਰ ਪਿਆਰੀ ਜਨਤਾ ...।"

"ਜਨਤਾ ਦੀ ਤਸਵੀਰ ਲਾ ਲਿਆ ਕਰੋ ...।"

"ਪਰ ਕਿੱਥੇ ਅਸਲੀ ਜਨਤਾ ਕਿਥੇ ਨਕਲੀ ਤਸਵੀਰ — ਇਕ ਪਾਸੇ ਢਿੱਡ 'ਚ ਬੱਝਿਆ ਗੋਲਾ ਅਤੇ ਦੂਜੇ ਪਾਸੇ ਢਿੱਡ 'ਚ ਲੱਗਣ ਵਾਲੀ ਗੋਲੀ ਐ ਅਸੀਂ ਤਾਂ ਨਾ ਜਿਉਂਦਿਆਂ 'ਚ ਤੇ ਨਾ ਮਰਿਆਂ 'ਚ ਹੀ ...।"

ਬਾਡੀ ਗਾਰਡਾਂ ਦੀ ਰਾਖੀ 'ਚ ਹਰ ਐਰਾ ਗੈਰਾ ਨੱਥੂ ਖੈਰਾ ਨੇਤਾ ਜੀ ਦੇ ਆਲੇ ਦੁਆਲੇ ਭੌਂ ਨਹੀਂ ਸਕਦਾ। ਨੇਤਾ ਜੀ ਜਮੂਰਿਆਂ ਦੀ ਹੇਂਕ ਬਗੈਰ ਕੱਲੇ ਕੱਲੇ ਮਹਿਸੂਸ ਕਰਦੇ ਐ। ਉਨ੍ਹਾਂ ਦੇ ਆਪਣੇ ਜਮੂਰਿਆਂ ਦੀ ਵੀ ਜਾਮਾ ਤਲਾਸ਼ੀ ਲਏ ਬਗੈਰ ਉਨ੍ਹਾਂ ਨੂੰ ਨੇਤਾ ਜੀ ਦੇ ਦਰਬਾਰ 'ਚ ਨਹੀਂ ਜਾਣ ਦਿਤਾ ਜਾਂਦਾ। ਇਕ ਬਾਡੀਗਾਰਡ ਵੀ ਗੁੱਸੇ 'ਚ ਦੱਸ ਰਿਹਾ ਸੀ।

"ਸਾਲੇ ਨੇਤਾ ਜੀ ਦੇ ਵੱਡੇਰੀਪੋਰਟਰ ਬਣੇ ਫਿਰਦੇ ਐ — ਕਿਸੇ ਦੀ ਜੇਬ 'ਚੋਂ ਅਫੀਮ, ਕਿਸੇ ਦੀ 'ਚੋਂ ਡੋਡੇ, ਹਸ਼ੀਸ਼, ਮੈਂਡਰੈਕਸ ਦੀਆਂ ਗੋਲੀਆਂ ਕੱਢੀਦੀਆਂ ਨੇ। ਇਕ ਤਾਂ ਸਾਲਾ ਮੇਰਾ ਨਿਰੋਧਾਂ ਦੀ ਡੱਬੀ ਈ ਪਾਈ ਫਿਰਦਾ ਸੀ ਜਿਵੇਂ ਚੋਣ ਜਲਸੇ ਦੀ ਥਾਂ ਫੈਮਿਲੀ ਪਲਾਨਿੰਗ ਦੇ ਪਰਚਾਰ ਲਈ ਚੱਲਿਆ ਹੋਵੇ ...।"

ਬਾਡੀਗਾਰਡਾਂ 'ਚ ਘਿਰੇ ਨੇਤਾ ਜੀ ਦੇ ਖੁਲ੍ਹ ਕੇ ਦਰਸ਼ਨ ਨਹੀਂ ਹੋ ਰਹੇ। ਕਦੀ ਕਦੀ ਤਾਂ ਲੰਬੇ ਚੌੜੇ ਬਾਡੀਗਾਰਡਾਂ 'ਚ ਨਜ਼ਰੀਂ ਹੀ ਨਹੀਂ ਚੜ੍ਹਦੇ ਤੇ ਕਦੀ ਕਦੀ ਕੱਛੂਕੁੰਮੇ ਵਾਂਗ ਭੋਰਾ ਕੁ ਗੁਰਦਨ ਹੀ ਦਿਸਦੀ ਐ। ਕਦੀ ਇਨਾ ਕੁ ਚਿੜੀ ਜਿੰਨਾ ਮੂੰਹ ਲਈ ਬਾਡੀਗਾਰਡਾਂ ਵਿਚਾਲੇ ਇਉਂ ਬੈਠੇ ਹੁੰਦੇ ਐ ਜਿਵੇਂ ਕਿਸੇ ਬੁੜ੍ਹੇ ਦੇ ਮਰਨੇ 'ਤੇ ਕੋਈ ਧਰਮੀ ਕਰਮੀ ਪੁੱਤ ਬੈਠਾ ਹੁੰਦੈ ਜਾਂ ਗਰੁੜ ਪੁਰਾਣ ਦੀ ਕਥਾ ਕਰ ਰਿਹਾ ਕੋਈ ਬਾਹਮਣ ਬੈਠਾ ਹੋਵੇ। ਨੇਤਾ ਜੀ ਨੂੰ ਇਉਂ ਬਾਡੀਗਾਰਡਾਂ 'ਚ ਘਿਰਿਆ ਦੇਖ ਕੇ ਕੁਝ ਮਨਚਲੇ ਨੌਜਵਾਨ ਤਾੜੀਆਂ ਮਾਰਦੇ ਹੋਏ ਆਖ ਦਿੰਦੇ ਹਨ :

"ਦੇਹ ਤਾਂ ਸਹੀ ਕਿਸੇ ਕੁੱਕੜ ਵਾਂਗੂ ਕੱਠਾ ਹੋਇਆ ਬੈਠੇ ..।"

"ਜਨਤਾ ਤੇ ਦੇਸ਼ ਦੇ ਰਾਖੇ ਨੇ ਭਾਈ ...ਆਪਣੀ ਰਾਖੀ ਤਾਂ ਕਰਨਗੇ ਹੀ।"

"ਜਿਹੜਾ ਆਪ ਇਉਂ ਐਂਠ ਬੰਦਿਆਂ 'ਚ ਘਿਰਿਆ ਫਿਰਦੈ ਆਪਣੀ ਰਾਖੀ ਕੀ ਕਰੂ — ਕਿਵੇਂ ਕਰੂ ਭਾਈ ?"

"ਕੁਰਸੀ ਲਈ ਵਿਚਾਰਿਆਂ ਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਐ ਦੇਖ ਲੋ ਕੇਰਾਂ।"

ਨੇਤਾ ਜੀ ਸੁਣ ਸੁਣ ਜਿੱਚ ਤਾਂ ਹੋ ਰਹੇ ਸਨ ਪਰ ਫੇਰ ਇਹ ਸੋਚ ਕੇ ਸਬਰ ਕਰ ਲੈਂਦੇ ਨੇ :

"ਦੇਸ਼ ਸੇਵਾ ਵਰਗੇ ਮਹਾਨ ਕਾਰਜ ਮੂਹਰੇ ਇਹੋ ਜਿਹੀਆਂ ਟਿੱਚਰਾਂ ਕੀ ਕਰਨਗੀਆਂ — ਆਪੇ ਚੁੱਪ ਹੋ ਜਾਣਗੇ ਸਾਡੀ ਕੁਰਬਾਨੀ ਦੇਖ ਕੇ।"

ਤੇ ਵਿਚਾਰੇ ਨੇਤਾ ਜੀ ਸੰਗੀਨਾਂ ਦੀ ਛਾਂ 'ਚ ਖਲੋਤੇ ਵੀ ਆਪਣੀ ਸੰਦੂਕੜੀ 'ਚ ਪਾਉਣ ਵਾਲੀਆਂ ਵੋਟਾਂ ਦੀ ਇੰਤਜ਼ਾਰ ਕਰ ਰਹੇ ਨੇ।

ਧਨ ਨੇ ਇਹੋ ਜਿਹੇ ਵੋਟ ਪ੍ਰੇਮੀ — ਦੇਸ਼ ਸੇਵਕ ਜਨਤਾ ਦੇ ਹਮਦਰਦ।

(ਪੰਨਾ 11 ਚੌਧਰੀ)

ਉਨ੍ਹਾਂ ਦਾ ਆਪਣਾ ਸਾਰਾ ਸਰਬੰਸ ਤੇ ਸਾਰੇ ਸੂਰਬੀਰ ਯੋਧੇ ਲੜਾਈ ਦੀ ਭੇਂਟ ਹੀ ਹੋਏ। ਨਾਂਦੇੜ ਦੱਖਣ ਵਿਖੇ, ਇਨਸਾਨੀ ਚੋਲਾ ਤਿਆਗਣ ਸਮੇਂ, ਉਨ੍ਹਾਂ ਓਸ ਇਲਾਹੀ ਜੋਤ ਨਾਲ ਆਪਣੀ ਜੋਤ ਰਲਾ ਤੇ ਓਸ ਕਰਤਾ ਦੇ ਹੁਕਮ ਅਨੁਸਾਰ ਹੀ ਆਪਣਗ ਸਿੱਖਾਂ ਨੂੰ ਹੁਕਮ ਦਿਤਾ ਕਿ, "ਮੇਰੇ ਪਿੱਛੇ ਮੇਰੇ ਸਿੱਖਾਂ ਦਾ ਸਦੀਵੀ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ, ਕਿਸੇ ਵੀ ਅੜਚਨ ਸਮੇਂ ਜੇ ਤੁਸੀਂਸ ਕੋਈ ਫੈਸਲਾ ਮੈਥੋਂ ਲੈਣਾ ਚਾਹੋਗੇ, ਬੜੀ ਸ਼ਰਧਾ ਨਾਲ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਵਿਚੋਂ ਲੈ ਸਕੋਗੇ"। ਸਵਰਗੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਰਾਜੀਵ ਸਰਕਾਰ ਨਾਲ ਅਕਾਲੀ ਦਲ ਦੇ ਸਮਝੌਤੇ ਵੇਲੇ, ਦਸਖਤ ਕਰਨ ਤੋਂ ਪਹਿਲਾਂ ਬੜੀ ਸ਼ਸ਼ੋਪੰਜ ਤੇ ਦੁਬਿਧਾ ਫਾਥੇ ਅਨੁਭਵ ਕਰਦੇ ਸਨ, ਪਤਾ ਨਹੀਂ ਸੀ ਲਗਦਾ ਓਹ ਕੀ ਕਰਨ ਤੇ ਏਸ ਅੜਚਨ ਚੋਂ ਕਿਵੇਂ ਨਿਕਲਣ ? ਆਖਰ ਦਸ਼ਮੇਸ਼ ਪਿਤਾ ਦੇ ਫੁਰਮਾਨ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਂਦਿਆਂ ਹੁਕਮਨਾਮੇਂ ਨੂੰ ਸਿਰ ਝੁਕਾ, ਗੁਰੂ ਦਾ ਦੱਸਿਆ ਰਾਹ ਸਮਝ, ਤਵਾਰੀਖੀ ਸਮਝੌਤੇ ਇਕ ਮਾਹਰਕੇ ਦਾ ਕੰਮ ਤੇ ਜਾ ਦਸਖਤ ਕੀਤੇ।

ਪੰਜਾਬੀਆਂ ਲਈ ਖਾਸਕਰ ਤੇ ਭਾਰਤ ਲਈ ਆਮ ਕਰਕੇ ਇਹ ਸਮਝੌਤਾ ਇਕ ਮਾਹਰਕੇ ਦਾ ਕੰਮ ਜ ਸੀ ਜਿਸਦੀ ਪੁਸ਼ਟੀ ਪੰਜਾਬ ਦੀ ਜਨਤਾ ਨੇ ਏਨੀ ਬਹੁ-ਸੰਮਤੀ ਨਾਲ ਵੋਟਾਂ ਪਾ ਕੇ ਦਿਤੀ ਜਿਸਨੂੰ ਪੰਜਾਬ ਦੇ ਚੁਣੇ ਚੀਫ ਮਨਿਸਟਰ ਸ: ਸੁਰਜੀਤ ਸਿੰਘ ਬਰਨਾਲਾ ਨੇ, ਚੋਣ ਹੋਣ ਤੋਂ ਪਹਿਲਾਂ ਹੀ "ਲੋਕਾਂ ਦੀ ਕਚਿਹਰੀ ਦੱਸਦਿਆਂ", ਬਾਬਾ ਜੋਗਿੰਦਰ ਸਿੰਘ ਪਾਰਟੀ ਨੂੰ, ਬਾਇਕਾਟ ਦੀ ਬਜਾਏ ਚੋਣ-ਮੁਹਿਮ 'ਚ ਸ਼ਾਮਲ ਹੋਣ ਲਈ ਆਖਿਆ, ਸਮਝੌਤਾ ਹੀ ਤੇ ਚੋਣ-ਇਸ਼ੂ ਸੀ ਜਿਸਦੀ ਪ੍ਰਵਾਨਗੀ ਲੋਕਾਂ ਏਨੇ ਬਹੁ-ਮੱਤ ਨਾਲ ਦਿਤੀ।

ਗੁਰੂ 20 ਵਿਸਵੇ ਤੇ ਸੰਗਤ 21 ਵਿਸਵੇ, ਭਾਵ ਸਿਖਿਜ਼ਮ ਵਿਚ ਸੰਗਤ ਦਾ ਦਰਜਾ ਗੁਰੂ ਨਾਲੋਂ ਵੀ ਵੱਧ ਗਿਣਦੇ ਹਨ। ਜਿਸਦਾ ਅਰਥ ਡੈਮੋਕਰੇਸੀ ਮੁਖ-ਸਿਖ-ਅਸੂਲ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਜਿਹਦੇ ਹੱਕ ਵਿਚ ਕਲ੍ਹ ਅਸੀਂ ਹਜ਼ਾਰਾਂ ਦੀ ਗਿਣਤੀ ਵਿਚ ਜਲੂਸ ਕੱਢੇ ਤੇ ਨਾਹਰੇ ਲਾਏ ਤੇ ਓਹਦੀ ਮਦਦ ਲਈ ਲੱਖਾਂ ਡਾਲਰ ਵੀ ਭੇਜੇ, ਅਜ ਅਸੀਂ ਓਹਨੂੰ ਆਪਣੇ ਗੁਰੂ ਦੀ ਜਹਜ਼ੂਰੀ ਵਿਚ ਕਤਲ ਕੀਤਾ ਤੇ ਆਪਣੀ ਕਰਤੂਤ ਤੇ ਫਖਰ ਮਹਿਸੂਸ ਕੀਤਾ, ਆਪਣੇ ਚੁਣੇ ਲੀਡਰ ਨਾਲ ਐਹੋ ਜੇਹਾ ਮੂਯਖ ਵਰਤਾ ਕੌਮ ਦੀ ਬਦਕਿਸਮਤੀ ਹੈ ਤੇ ਪੰਥ ਦੀ ਪਿਠ ਵਿਚ ਛੁਰਾ ਹੈ।

ਸਾਰੀ ਦੁਨੀਆਂ ਦੇ ਕੈਨੇਡਾ ਦੇ ਮਿਸਟਰ ਟਰੂਡੋ ਵਰਗੇ ਸਿਆਣੇ, ਲੜਾਈ ਤੋਂ ਅੱਕ-ਥੱਕ, ਜਿਹੜੀ ਕਿਸੇ ਗੁੱਥੀ ਨੂੰ ਸੁਲਝਾਣ ਦੀ ਬਜਾਏ ਇਕ ਹੋਰ ਲੜਾਈ ਦੀ ਬੁਨਿਆਦ ਰਖਦੀ ਆਈ ਹੈ, ਧਰਤੀ ਉਪਰੋਂ ਮਾਰੂ ਹਥਿਆਰਾਂ ਦਾ ਖੁਰਾ ਖੋਜ ਮਿਟਾ, ਧਰਤੀ ਤੇ ਵਸਦੀ ਮਨੁਖਤਾ ਨੂੰ, ਇਕ ਪਰਵਾਰਿਕ ਪਿਆਰ ਧਾਗੇ ਵਿਚ ਪਰੋਣ ਦੀ ਸੋਚ ਰਹੇ ਹਨ, ਜਿਹੜੀ ਦਸ਼ਮੇਸ਼ ਪਿਤਾ ਨੇ ਗੁਰੂ ਗਰੰਥ ਸਾਹਿਬ ਨੂੰ ਗੁਰਗੱਦੀ ਸੌਂਪਣ ਵੇਲੇ, ਅੱਜ ਤੋਂ ਪੌਣੇ ਤਿੰਨ ਸੌ ਸਾਲ ਪਹਿਲਾਂ ਆਪਣਗ ਸਿੱਖਾਂ ਨੂੰ ਬਖਸ਼ੀ ਸੀ ; ਗੁਰੂ ਗਰੰਥ ਸਾਹਿਬ ਜਿਸ ਵਿਚ ਈਸ਼ਵਰ-ਭਗਤੀ, ਭਰਾਤਰੀ-ਪਿਆਰ ਆਦਿ ਤੋਂ ਬਗੈਰ ਇਕ ਲਫਜ਼ ਵੀ ਹਿੰਸਕ ਦਰਜ ਨਹੀਂ ਹੈ। ਜੋ ਕੁਝ ਪਿਛੇ ਹਿੰਸਕ ਹੋਇਆ ਜਾਂ ਅਗੋਂ ਕੋਈ ਹਿੰਸਕ ਸੋਚਣੀ ਰਖਦਾ ਹੈ ਜਾਂ ਪ੍ਰਚਾਰਦਾ ਹੈ ਓਹ ਗੁਰਸਿਖ ਸਦਵਾਉਣ ਦਾ ਹੱਕਦਾਰ ਨਹੀਂ ਹੈ, ਓਹ ਮੁਜ਼ਰਮ ਹੈ, ਗੁਨਾਹੀ ਹੈ, ਅਪਰਾਧੀ ਹੈ ਅਤੇ ਮਨੁਖਤਾ ਦਾ ਵੈਰੀ।

ਬੀਤ ਚੁਕੇ ਤੇ ਟਿਪਣੀ ਵਿਅਰਥ ਹੀ ਜਾਪਦੀ ਹੈ, ਲੋਕਾਂ ਦੀ ਕਚਿਹਰੀ ਦੇ ਹੋਏ ਫੈਸਲੇ ਅਗੇ ਸਿਰ ਝੁਕਾਉ ਤੇ ਬਰਨਾਲਾ ਸਰਕਾਰ ਨੂੰ ਤਨੋ ਮਨੋ ਤੇ ਧਨੋ ਪੂਰਾ ਪੂਰਾ ਸਹਿਯੋਗ ਦਿਉ ਤਾਂਕਿ ਪ੍ਰਾਂਤ ਵਿਚ ਅਮਨ ਕਾਇਮ ਕਰਨ ਉਪਰੰਤ ਪਿਛਲੇ ਤਿੰਨਾਂ ਸਾਲਾਂ ਦਾ ਹੋਇਆ ਨੁਕਸਾਨ ਪੂਰਾ ਹੋਵੇ ਤੇ ਅਗੋਂ ਦੇਸ਼ ਪਹਿਲਾਂ ਵਾਂਗ ਤਰੱਕੀ ਦੀਆਂ ਮੰਜ਼ਲਾਂ ਛੂ ਸਕੇ।

ਖਾਲਿਸਤਾਨ ਨਹੀਂ ਮੰਗਦੇ

(ਇਕ ਇੰਗਲਿਸ਼ ਪੇਪਰ ਵਿਚੋਂ ਧਨਵਾਦ ਸਹਿਤ ਅਨੁਵਾਦ)

ਰਾਮ ਸਿੰਘ ਢਿੱਲੋਂ, ਸਰੀ

ਲੋਕ-ਤੰਤਰੀ-ਸ਼ਹਿਰੀ, ਮਨੁਖੀ ਅਧਿਕਾਰ ਸੰਸਥਾ ਨੇ ਆਪਣੇ ਸੱਜਰੇ ਪੰਜਾਬ ਦੇ ਪਿੰਡਾਂ ਦੇ ਦੌਰੇ ਸ ਖੋਜ ਉਪਰੰਤ ਲਿਖਿਆ ਹੈ ਕਿ :—

ਇਕ ਬਹੁਤ ਵੱਡੀ ਬਹੁ-ਸੰਮਤੀਹ ਕਿਸੇ ਵੱਖ ਖਾਲਿਸਤਾਨ ਰਾਜ ਦੇ ਹੱਕ ਵਿਚ ਨਹੀਂ ਹੈ - ਸਥਾਨਕ ਲੋਕੀ ਵਖ-ਰਾਜ-ਸੋਚਣੀ ਦੇ ਮੁਕਾਬਲੇ ਆਪਣੇ ਨਿਜੀ ਮਾਮਲਿਆਂ ਬਾਰੇ ਜ਼ਿਆਦਾ ਚਿੰਤਾਤਰ ਹਨ — ਖਾਲਿਸਤਾਨ ਬਾਰੇ ਗਲਤ-ਫਹਿਮੀ ਨੇ ਭੋਲੀ ਭਾਲੀ ਜਨਤਾ ਨੂੰ ਬੇਲੋੜੇ ਕਸ਼ਟ ਅਤੇ ਦੁਬਿਧਾ ਦਾ ਸਾਹਮਕਣਾ ਕਰਨਾ ਪਿਆ — ਪੰਜਾਬ ਪ੍ਰਾਂਤ ਵਿਚ ਇਕ ਖਾਸ ਭਾਈਚਾਰੇ ਨੂੰ ਅਣ-ਮਨੁਖੀ, ਰਾਕਸ਼ਪੁਣੇ ਦੁਰਵਿਹਾਰ ਨਾਲ ਨਿਪਟਣਾ ਪਿਆ, ਇਹ ਇਕ ਭਿਆਨਕ ਕਹਾਣੀ ਹੈ — ਪ੍ਰਾਂਤ ਖੁਲ੍ਹੇ ਤੌਰ ਤੇ ਨਿਰਾ ਕਤਲ ਅਤੇ ਹਮਲਿਆਂ ਵਿਚ ਹੀ ਨਹੀਂ ਸੀ ਰੁਝਾ ਹੋਇਆ ਬਲਕੇ ਅਣ-ਮਨੁਖੀ ਸ੍ਰੀ ਰਕ-ਸੰਤਾਪ ਵੀ ਬਦਸੂਤਰ ਚਲ ਰਿਹਾ ਸੀ — ਬੇਅੰਤ ਅਤਿਵਾਦੀਆਂ ਨੂੰ ਰੂ-ਪੋਸ਼ ਹੋਣਾ (ਲੁਕਣਾ) ਪਿਆ — ਉਪਰੰਤ ਖੋਜ ਦਸਦੀ ਹੈ ਕਿ ਕਿਵੇਂ ਪੰਜਾਬ ਦੇ ਅਧਿਕਾਰੀਆਂ ਜਾਣ ਬੁਝ ਕੇ ਖਤਰੇ ਅਤੇ ਭੌ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ — ਢੱਠੇ ਮਕਾਨਾਂ ਦੇ ਮਲਬਿਆਂ ਦੇ ਢੇਰ ਹਾਲੇ ਵੀ ਓਥੇ ਉਂਜ ਹੀ ਪਏ ਹਨ — ਵਾ ਵਪਾਰੀਆਂ ਨੂੰ ਕਰੋੜਾਂ ਦਾ ਘਾਟਾ ਝੱਲਣਾ ਪਿਆ — ਸਾਫ ਸੁਥਰੀ ਜ਼ਿੰਦਗੀ ਪੰਜਾਬ ਵਿਚ ਸੰਕਟ ਬਣ ਗਈ ਹੈ — ਲੋਕਾਂ ਨੂੰ ਝੂਠੇ ਅਸਲਾ-ਕੇਸਾਂ ਵਿਚ ਘੜੀਸਿਆ ਜਾ ਰਿਹਾ ਹੈ ਅਤੇ ਬ ਬੇਗੁਨਾਹ ਲੋਕਾਂ ਨੂੰ ਤਸੀਹੇ ਦਿਤੇ ਜਾ ਰਹੇ ਹਨ — ਆਨੰਦਪੁਰ ਸਾ: ਮਤਾ ਜਿਹਨੂੰ ਵਖ-ਸਿਖਰਾਜ ਦਾ ਨਕਸ਼ਾ ਤਸੱਵਰ ਕਰਦੇ ਹਨ ਓਸ ਓਹਦੇ ਬਾਰੇ ਸਾਧਾਰਨ ਪਗੀੜੂ ਕਿਸਾਨਾਂ ਦੇ ਮਨਾਂ ਵਿਚ ਝਲਕਾਰੇ ਮਾਤਰ ਵੀ ਕਿਆਸ ਨਹੀਂ ਹੈ — ਪੁ ਪੁਲਸ ਦੇ ਦੁਰਵਿਹਾਰ ਦੀਆਂ ਤਸਵੀਰਾਂ ਜਿਹੜਾ ਉਨ੍ਹਾਂ ਅਨੇਕ ਵਿਅਕਤੀਆਂ ਨਾਲ ਕੀਤਾ, ਨੇ ਹਿੰਸਕ ਕਾਨੂੰਨ(ਟੈਰੋਰਿਸਟ) ਐਕਟ) ਜਿਹਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਸੁਲਝਾਣ ਨਾਲੋਂ ਵਧੇਰੇ ਨ ਨੁਕਸਾਨ ਕੀਤਾ, ਨੇ ਕਾਨੂੰਨ ਵਾਪਸੀ ਦੀ ਬੜੀ ਸਹਾਇਤਾ ਕੀਤੀ ਹੈ — ਸਰਕਾਰ ਅਤੇ ਜਨਤਾ ਅਗੇ ਖੋਜ ਰਿਪੋਟ ਰਖਦਿਆਂ, ਉਨ੍ਹਾਂ ਮੰਗ ਕੀਤੀ ਕਿ ਪ੍ਰਾਂਤ ਵਿਚ ਸੁਖਾਵੇਂ ਹਾਲਾਤ ਪੈਦਾ ਕਰਨ ਲਈ, ਸਾਧਾਰਨ ਅਪਰਾਧੀਆਂ ਨੂੰ ਆਮ ਮੁਆਫੀ ਦਾ ਐਲਾਨ ਛੇਤੀ ਤੋਂ ਛੇਤੀ ਕਰ ਦੇਣਾ ਚਾਹੀਦਾ ਹੈ।

ਧਾਲੀਵਾਲ ਨਵੇਂ ਡਾਇਰੈਕਟਰ ਜਨਰਲ

ਚੰਡੀਗੜ੍ਹ — ਸ. ਬਲਜਤੀ ਸਿੰਘ ਧਾਲੀਵਾਲ ਪੰਜਾਬ ਪੁਲੀਸ ਦੇ ਨਵੇਂ ਮੁਖੀ ਹੋਣਗੇ। ਡਾਇਰੈਕਟਰ ਜਨਰਲ ਪੁਲੀਸ ਵਜੋਂ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਇਥੇ ਸਰਕਾਰੀ ਤੌਰ 'ਤੇ ਕੀਤਾ ਗਿਆ। ਇਸ ਦੇ ਨਾਲ ਹੀ ਰਾਜ ਪੁਲੀਸ ਦੇ ਮੁਖੀ ਦੇ ਇਸ ਅਤਿ ਅਹਿਮ ਅਹੁਦੇ ਲਈ ਵੱਖ ਵੱਖ ਪੁਲੀਸ ਅਧਿਕਾਰੀਆਂ ਨੂੰ ਨਿਯੁਕਤ ਕਰਨ ਲਈ ਲਾਈਆਂ ਜਾ ਰਹੀਆਂ ਕਿਆਸ ਅਰਾਈਆਂ ਖਤਮ ਹੋ ਗਈਆਂ ਹਨ। ਸ. ਧਾਲੀਵਾਲ, ਸ੍ਰੀ ਐਸ. ਡੀ. ਪਾਂਡੇ ਦੀ ਥਾਂ ਲੈਣਗੇ ਜਿਨ੍ਹਾਂ ਨੂੰ ਕੇਂਦਰ 'ਚ ਭੇਜਿਆ ਜਾ ਰਿਹਾ ਹੈ। ਸ੍ਰੀ ਪਾਂਡੇ ਦੀ ਨਿਯੁਕਤੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜੁਲਾਈ ਮਹੀਨੇ ਦੇ ਅਖੀਰ 'ਚ ਹੋਈ ਹੱਤਿਆ ਬਾਅਦ ਉਸ ਵੇਲੇ ਦੇ ਪੰਜਾਬ ਪੁਲੀਸ ਦੇ ਮੁਖੀ ਸ੍ਰੀ ਕੇ. ਐਸ. ਢਿੱਲੋਂ ਨੂੰ ਹਟਾ ਕੇ ਵਾਪਸ ਮੱਧ ਪ੍ਰਦੇਸ਼ ਭੇਜ ਕੇ ਕੀਤੀ ਗਈ ਸੀ। ਸੰਤ ਲੌਂਗੋਵਾਲ ਦੀ ਹੱਤਿਆ ਸਮੇਂ ਸੁਰੱਖਿਆ ਪ੍ਰਬੰਧਾਂ 'ਚ ਨਾਕਸੀ ਨੂੰ ਧਿਆਨ 'ਚ ਰੱਖਦਿਆਂ ਸ੍ਰੀ ਢਿੱਲੋਂ ਦੀ ਬ ਦਲੀ ਕੀਤੀ ਗਈ ਸੀ।

ਬਦਸਲੂਕੀ ਦੀ ਜਾਂਚ ਕਰਾਉਣ ਦੀਪ ਮੰਗ

ਮਾਛੀਵਾੜਾ — ਅਕਾਲੀ ਦਲ (ਯੂਥ ਵਿੰਗ) ਦੇ ਆਗੂਆਂ ਨੇ ਸਮਰਾਲਾ ਪੁਲੀਸ ਦੇ ਦੋ ਮੁਲਾਜ਼ਮਾਂ ਵਲੋਂ ਅਕਾਲੀ ਵਰਕਰਾਂ ਨਾਲ ਬਦਸਲੂਕੀ ਨਾਲ ਪੇਸ਼ ਆਉਣ ਦੀ ਨਿਖੇਧੀ ਕੀਤੀ ਤੇ ਇਸ ਘਟਨਾ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਆਗੂਆਂ 'ਚ ਸ. ਅਵਤਾਰ ਸਿੰਘ ਘੁਲਾਲ, ਸ. ਹਰਜੀਤ ਸਿੰਘ, ਸ. ਭੁਪਿੰਦਰ ਸਿੰਘ, ਸ. ਚਰਨਜੀਤ ਸਿੰਘ, ਸ. ਅਜਮੇਰ ਸਿੰਘ ਤੇ ਸ. ਦਰਸ਼ਨ ਸਿੰਘ ਢੀਂਡਸਾ ਦੇ ਨਾਂ ਸ਼ਾਮਲ ਹਨ। ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਇਸ ਸਬੰਧੀ ਲਿਖੇ ਪੱਤਰ ਵਿਚ ਮੁਲਾਜ਼ਮਾਂ 'ਤੇ ਕਈ ਹੋਰ ਦੋਸ਼ ਵੀ ਲਗਾਏ ਹਨ।

ਭਜਨ ਲਾਲ ਨੂੰ ਅਬੋਹਰ ਤੇ ਫਾਜ਼ਿਲਕਾ ਮਿਲਣ ਦੀ ਆਸ

ਰੋਹਤਕ — ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਨੇ ਇਥੇ ਮੁੜ ਦੁਹਰਾਇਆ ਕਿ ਹਰਿਆਣਾ ਨੂੰ ਚੰਡੀਗੜ੍ਹ ਬਦਲੇ ਅਬੋਹਰ ਤੇ ਫਾਜ਼ਿਲਕਾ ਜ਼ਰੂਰ ਮਿਲਣਗੇ। ਉਪ ਚੋਣ ਕਾਂਗਰਸੀ ਉਮੀਦਵਾਰ ਦੀ ਜਿੱਤ ਉਤੇ ਵੋਟਰਾਂ ਦਾ ਧੰਨਵਾਦ ਕਰਨ ਸਬੰਧੀ ਹੋਏ ਸਮਾਗਮ ਵਿਚ ਉਨ੍ਹਾਂ ਕਿਹਾ ਕਿ ਵੋਟਰਾਂ ਨੇ ਅਕਾਲੀ-ਕੇਂਦਰ ਸਮਝੌਤੇ ਦੀਹ ਪੁਸ਼ਟੀ ਕਰ ਦਿਤੀ ਹੈ। ਉਨ੍ਹਾਂ ਕਿਹਾ ਕਿ ਮੈਥਿਊ ਕਮਿਸ਼ਨ ਦੀ ਰਿਪੋਰਟ ਪਿਛੋਂ ਹਰਿਆਣਾਂ ਦੀ ਸਰਹੱਦ ਪਾਕਿਸਤਾਨ ਨਾਲ ਜਾ ਲੱਗੇਗੀ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ ਵਿਚ ਹੁਣ ਸ਼ਾਂਤੀ ਬਹਾਲ ਏ ਜਾਵੇਗੀ।

-ਏਅਰ ਇੰਡੀਆ ਜੰਬੋ ਜੈਟ ਦਾ ਹਿੱਸਾ ਬਾਹਰ ਕੱਢਿਆ

ਏਅਰ ਇੰਡੀਆ ਦੇ ਦੁਰਘਟਨਾ ਗਰਸਤ ਜਹਾਜ਼ ਦਾ ਇਕ ਵੱਡਾ ਹਿਸਾ ਪਾਣੀ ਵਿਚੋਂ ਬਾਹਰ ਉਭ ਉਭਾਰਿਆ ਗਿਆ। ਇਹ ਜਹਾਜ਼ ਆਇਰਲੈਂਡ ਵਿਚ ਦੁਰਘਟਨਾ ਗ੍ਰਸਤ ਹੋ ਗਿਆ ਸੀ ਜਿਸ ਵਿਚ ਸੈਂਕੜੇ ਭਾਂਰਤੀ ਮੂਲ ਦੇ ਯਾਂਤਰੀ ਸਫਰ ਕਰਦੇ ਮਾਰੇ ਗਏ ਸਨ। ਇਸ ਵੱਡੇ ਇਸ ਵੱਡੇ ਹਿੱਸੇ ਤੋਂ ਅਨੁਮਾਨ ਲਾਇਆ ਜਾਵੇਗਾ ਕਿ ਕਿਹੜੇ ਕਾਰਨਾਂ ਕਰਕੇ ਇਹ ਜਹਾਜ਼ ਹਾਦਸੇ ਦਾ ਸ਼ਿਕਾਰ ਹੋਇਆ।

AMBIKA FOODS

5125 Victoria Drive
Vancouver, B.C. Canada

PHONE: 327—0295

DIWALI SPECIAL SALE

MILK ਦੁੱਧ **3.27**	**NABOB** ਨਵਾਬ ਚਾਹ **3.99** 120's	**ATTA** ਆਟਾ B] 2x10 kg. **8.99**
ALMOND ਬਦਾਮ lb. **1.79**	**SUGAR** ਖੰਡ 10 kg. with regular grocery] **3.99**	**CORNED MUTTON** ਕੋਰਨਡ ਮਟਨ tin. **1.37**
LONG GRAIN RICE ਲੌਂਗ ਗਰੇਨ ਚਾਵਲ 20 kg. **10.99**	**BESAN** [PEA FLOOR] ਬੇਸਣ 2 kg. **1.49**	**CHICKEN LEGS** ਮੁਰਗੇ ਦੀਆਂ ਲੱਤਾਂ lb. **99¢**

CHANA FLOOR ਛੋਲਿਆਂ ਦਾ ਆਟਾ 2 kg. **2.89**	**CHANA DAL** ਛੋਲਿਆਂ ਦੀ ਦਾਲ **MOONG** ਮੂੰਗੀ **KALA CHANA** ਕਾਲੇ ਛੋਲੇ lb. **37¢**

We beat our Competitor's Price

We reserve the right to limit the quantity or until last.

(ਪੰਨਾ 4 ਦੀ ਬਾਕੀ)

ਪਰ ਕੀ ਇਸ ਜ਼ਬਰ, ਜ਼ੁਲਮ ਨਾਲ ਸਰਕਾਰ ਕਾਲਿਆਂ ਦੇ ਆਜ਼ਾਦੀ ਦੇ ਘੋਲ ਨੂੰ ਦਬਾਉਣ ਵਿਚ ਕਾਮਯਾਬ ਹੋ ਗਈ ? ਨਹੀਂ। ਸੰਨ 1976 ਵਿਚ ਜਦੋਂ ਸਕੂਲਾਂ ਵਿਚ ਕਾਫੀ ਸਮੇਂ ਤੋਂ ਰਹਿ ਰਹੇ ਡੱਚ ਲੋਕਾਂ ਦੀ ਜ਼ੁਬਾਨ (Afrikaans Language) ਨੂੰ ਮੱਲੋ ਮੱਲੀ ਪੜ੍ਹਾਉਣ ਦੇ ਹੁਕਮ ਹੋਏ ਤਾਂ ਕਾਲੇ ਵਿਦਿਆਥੀਆਂ ਵੱਲੋਂ ਜ਼ਬਰਦਸਤ ਵਿਰੋਧੀ ਲਹਿਰ ਉਠੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਵੱਲੋਂ ਵਿਖਾਵੇ ਹੋਣੇ ਸ਼ੁਰੂ ਹੋ ਗਏ। ਜੋਹਨਸਬਰਗ ਦੇ ਨੇੜਲੇ ਕਾਮਿਆਂ ਦੇ ਸ਼ਹਿਰ ਸੋਵੀਟੋ ਦੇ ਲਾਗੇ ਇਕ ਮੁਜ਼ਾਹਰੇ ਦੌਰਾਨ ਪੁਲੀਸ ਨੇ ਵਿਖਾਵਾਕਾਰੀਆਂ ਉਪਰ ਗੋਲੀ ਚਲਾ ਦਿਤੀ ਜਿਸ ਨਾਲ ਇਕ ਤੇਰਾਂ ਸਾਲਾਂ ਦਾ ਵਿਦਿਆਰਥੀ ਮਾਰਿਆ ਗਿਆ। ਇਸ ਦੇ ਵਿਰੋਧ ਵਿਚ ਸਾਰੀ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਵਿਚ ਗੁੱਸੇ ਦੇ ਭਾਂਬੜ ਬਲ ਉਠੇ। ਮਹੀਨਾ ਭਰ ਹੜਤਾਲਾਂ, ਮੁਜ਼ਾਹਰਿਆਂ ਦਾ ਦੌਰ ਚਲਦਾ ਰਿਹਾ ਹੈ। ਇਨ੍ਹਾਂ ਹੜਤਾਲਾਂ, ਮੁਜ਼ਾਹਰਿਆਂ ਦੇ ਦੌਰ ਸਮੇਂ ਪਹਿਲੇ ਹਫਤੇ ਵਿਚ ਪੁਲੀਸ ਦੀ ਗੋਲੀ ਨਾਲ 176 ਲੋਕ ਮਾਰੇ ਗਏ ਅਤੇ 1200 ਜ਼ਖਮੀ ਹੋਏ। ਪਰ ਲਹਿਰ ਅੱਗੇ ਹੀ ਵਧਦੀ ਗਈ ਅਤੇ ਹੁਣ 1985 ਵਿਚ ਇਹ ਲੜਾਈ ਫੈਸਲਾਕੁਨ ਸਥਿਤੀ 'ਤੇ ਪਹੁੰਚ ਚੁੱਕੀ ਹੈ। ਇਨ੍ਹਾਂ ਸਮਿਆਂ ਦੌਰਾਨ ਵੱਖ ਵੱਖ ਲੋਕਾਂ, ਜੱਥੇਬੰਦੀਆਂ ਨੇ ਅਪਾਰਥਾਈਡ ਦੇ ਵਿਰੁੱਧ ਇਸ ਲਹਿਰ ਵਿਚ ਹਿਸਾ ਪਾਇਆ ਹੈ ਉਹਨਾਂ ਬਾਰੇ ਵੀ ਅਸੀਂ ਸੰਖੇਪ ਵਿਚ ਗੱਲ ਕਰਾਂਗੇ।

(ੳ) ਅਫਰੀਕਨ ਨੈਸ਼ਨਲ ਕਾਂਗਰਸ : ਅਫਰੀਕਨ ਨੈਸ਼ਨਲ ਕਾਂਗਰਸ ਸੰਨ 1912 ਵਿਚ ਸਥਾਪਤ ਕੀਤੀ ਗਈ। ਇਸ ਦਾ ਉਦੇਸ਼, ਸਾਊਥ ਅਫਰੀਕਾ ਵਿਚ ਅਜੇਹੇ ਸਮਾਜ ਦੀ ਉਸਾਰੀ ਕਰਨਾ ਸੀ ਜਿਸ ਵਿਚ ਸਾਰੇ ਲੋਕ ਬਿਨਾਂ ਰੰਗਾਂ, ਨਸਲਾਂ ਦੇ ਭੇਦਭਾਵ ਦੇ ਬਰਾਬਰਤਾ ਨਾਲ ਰਹਿ ਸਕਣ। ਆਰੰਭ ਵਿਚ ਇਸ ਦਾ ਨਿਸ਼ਾਨਾ, ਅਹਿੰਸਾਤਮਕ ਢੰਗ ਨਾਲ ਇਹ ਬਦਲੀ ਲਿਆਉਣਾ ਸੀ। ਪਰ ਜਦੋਂ ਇਸ ਦੇ ਲੀਡਰ ਨੈਲਸਨ ਮੰਡੇਲਾ ਨੇ ਵੇਖਿਆ ਕਿ ਅਪਾਰਥਾਈਡ ਵਿਰੁਧ ਇਕ ਵੀ ਸ਼ਬਦ ਬੋਲਣ ਵਾਲੇ ਨੂੰ ਦਬਾਉਣ ਲਈ ਸਰਕਾਰ ਬਹੁਤ ਵਹਿਸ਼ੀ, ਕਰੂਰ ਅਤੇ ਹਿੰਸਾਤਮਕ ਢੰਗ ਵਰਤਦੀ ਹੈ ਤਾਂ ਉਸ ਸੋਚਿਆ ਕਿ ਕਾਲੇ ਲੋਕਾਂ ਦੀ ਮੁਕਤੀ ਹਥਿਆਰਬੰਦ ਇਨਕਲਾਬ ਨਾਲ ਹੀ ਹੋ ਸਕਦੀ ਹੈ। ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਵੱਲੋਂ ਇਹ ਫੈਸਲਾ ਸੰਨ 1960 ਵਿਚ ਸ਼ਾਰਪਵਿਲ ਵਿਖੇ ਪੁਲੀਸ ਵੱਲੋਂ ਇਕ ਵਿਖਾਵੇ ਉਪਰ ਗੋਲੀ ਚਲਾ ਕੇ 69 ਬੰਦੇ ਮਾਰਨ ਦੀ ਘਟਨਾ ਉਪਰੰਤ ਲਿਆ ਗਿਆ। ਸੰਨ 1960 ਵਿਚ ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਦੇ ਹੋਰ ਆਗੂ ਅੰਡਰਗਰਾਊਂਡ ਹੋ ਗਏ। ਸੰਨ 1962 ਵਿਚ ਮੰਡੇਲਾ ਨੂੰ ਫੜ ਲਿਆ ਗਿਆ ਅਤੇ ਉਸ ਉਪਰ ਬਗਾਵਤ ਦਾ ਦੋਸ਼ ਲਾ ਕੇ ਉਮਰਕੈਦ ਦੀ ਸਜ਼ਾ ਦੇ ਦਿਤੀ ਗਈ ਅਤੇ ਅੱਜ ਵੀ ਨੈਲਸਨ ਮੰਡੇਲਾ ਜੇਲ੍ਹ ਵਿਚ ਉਹ ਸਜ਼ਾ ਭੁਗਤ ਰਿਹਾ ਹੈ।

ਸੰਨ 1962 ਵਿਚ ਆਪਣੇ ਮੁਕੱਦਮੇ ਦੌਰਾਨ ਮੰਡੇਲਾ ਨੇ ਜੱਜ ਨੂੰ ਕਿਹਾ "ਮੈਂ ਉਸ ਪਾਰਲੀਮੈਂਟ ਜਿਸ ਵਿਚ ਮੇਰੇ ਲੋਕਾਂ ਦੀ ਕੋਈ ਪ੍ਰਤੀਨਿਧਤਾ ਨਹੀਂ ਹੈ, ਵੱਲੋਂ ਬਣਾਏ ਗਏ ਕਾਨੂੰਨ ਨੂੰ ਮੰਨਣਾ ਆਪਣਾ ਫਰਜ਼ ਨਹੀਂ ਸਮਝਦਾ।" ਬੇਸ਼ਕ ਨੈਲਸਨ ਮੰਡੇਲਾ ਪਿਛਲੇ 23 ਸਾਲਾਂ ਤੋਂ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ ਪਰ ਉਹ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਲੋਕਾਂ ਵਿਚ ਬਹੁਤ ਹਰਮਨ ਪਿਆਰੀ ਜਥੇਬੰਦੀ ਹੈ। ਹੁਣੇ ਜਿਹੇ ਕੀਤੇ ਇਕ ਸਰਵੇ ਅਨੁਸਾਰ ਨੈਲਸਨ ਮੰਡੇਲਾ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਵਿਚ ਨੰਬਰ ਇਕ ਲੀਡਰ ਮੰਨਿਆ ਜਾਂਦਾ ਹੈ। ਨੌਜਵਾਨਾਂ ਵਿਚ ਅਫਰੀਕਨ ਨੈਲਸਨ ਕਾਂਗਰਸ ਬਹੁਤ ਹਰਮਨ ਪਿਆਰੀ ਹੈ। ਇਸ ਸਾਲ ਅਮੇਰਜੈਂਸੀ ਲੱਗਣ ਤੋਂ ਕੁੱਝ ਘੰਟੇ ਪਹਿਲਾਂ ਇਕ ਪਰੇਡ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਬੈਨ ਕੀਤੀ ਅਫਰੀਕਨ ਕਾਂਗਰਸ ਅਤੇ ਬੈਨ ਕੀਤੀ ਸਾਊਥ ਅਫਰੀਕਨ ਕਮਿਊਨਿਸਟ ਪਾਰਟੀ ਦੇ ਬੈਨਰਾਂ ਹੇਠ ਮਾਰਚ ਕੀਤਾ। ਅਫਰੀਕਨ ਨੈਸ਼ਨਲ ਕਾਂਗਰਸ ਦੀ 7000 ਦੀ ਗਿਣਤੀ ਦੀ ਗੁਰੀਲਾ ਫੋਰਸ ਗੁਆਂਢੀ ਦੇਸ਼ਾਂ ਵਿਚ ਚਿੱਟੀ ਸਰਕਾਰ ਵਿਰੁੱਧ ਗੁਰੀਲਾ ਲੜਾਈ ਲੜ ਰਹੀ ਹੈ। ਪਿਛੇ ਜਿਹੇ ਚਿੱਟੀ ਸਰਕਾਰ ਨੇ ਐਲਾਨ ਕੀਤਾ ਕਿ "ਜੇ ਮੰਡੇਲਾ ਅਗਾਂਹ ਤੋਂ ਸਰਕਾਰ ਵਿਰੁੱਧ ਹਿੰਸਾਤਮਕ ਪ੍ਰਚਾਰ ਨਾ ਕਰਨ ਦਾ ਪ੍ਰਣ ਕਰੇ ਤਾਂ ਸਰਕਾਰ ਉਸਨੂੰ ਛੱਡ ਸਕਦੀ ਹੈ।" ਇਸ ਦੇ ਜਵਾਬ ਵਿਚ 67 ਸਾਲਾ ਮੰਡੇਲਾ ਨੇ ਕਿਹਾ "ਜਿੰਨਾ ਚਿਰ ਮੇਰੇ ਸਾਰੇ ਲੋਕ ਆਜ਼ਾਦ ਨਹੀਂ ਹੋ ਜਾਂਦੇ, ਉਨਾਂ ਚਿਰ ਮੈਂ ਅਜਿਹਾ ਕੁੱਝ ਨਹੀਂ ਕਰ ਸਕਦਾ। ਮੇਰੀ ਅਤੇ ਮੇਰੇ ਲੋਕਾਂ ਦੀ ਆਜ਼ਾਦੀ ਨੂੰ ਅਲਹਿਦਾ ਨਹੀਂ ਕੀਤਾ ਜਾ ਸਕਦਾ।"

(ਅ) ਬਲੈਕ ਕਾਂਸ਼ੀਐਸਨੈਸ ਮੂਵਮੇਂਟ ਅਤੇ ਸਟੀਵ ਬੀਕੋ : ਸੰਨ 1960 ਵਿਚ ਸ਼ਾਰਪਵਿਲ ਦੀ ਘਟਨਾਂ ਤੋਂ ਬਾਅਦ ਕਾਲੇ ਲੋਕਾਂ ਵੱਲੋਂ ਅਪਾਰਥਾਈਡ ਦਾ ਵਿਰੋਧ ਬਹੁਤ ਘਟ ਗਿਆ। ਕਾਲੇ ਲੋਕਾਂ ਵੱਲੋਂ ਅਪਾਰਥਾਈਡ ਦੇ ਵਿਰੋਧ ਵਿਚ ਰਾਜਨੀਤਕ ਸਰਗਰਮੀ ਬਹੁਤ ਘੱਟ ਸੀ। ਇਸ ਤਰ੍ਹਾਂ ਇਕ ਖੜੋਤ ਜਿਹੀ ਦਾ ਵਾਤਾਵਰਣ ਹੋਂਦ ਵਿਚ ਆ ਚੁੱਕਾ ਸੀ। ਇਸ ਖੜੋਤ ਨੂੰ ਤੋੜਨ ਲਈ ਸਟੀਵ ਬੀਕੋ ਦੀ ਅਗਵਾਈ ਹੇਠ ਬਲੈਕ ਕਾਂਸ਼ੀਐਸਨੈਸ ਲਹਿਰ ਹੋਂਦ ਵਿਚ ਆਈ। ਬੀਕੋ ਦਾ ਖਿਆਲ ਸੀ ਕਿ ਇਸ ਖੜੋਤ ਵਿਚੋਂ ਨਿਕਲ ਆਜ਼ਾਦੀ ਦੀ ਲੜਾਈ ਤਾਂ ਹੀ ਲੜੀ ਜਾ ਸਕਦੀ ਹੈ ਜੇ ਕਾਲੇ ਲੋਕਾਂ ਦੇ ਮਨਾਂ ਅੰਦਰ ਇਕ ਖਾਸ ਤਰ੍ਹਾਂ ਦਾ ਸੰਕਲਪ ਭਰਿਆ ਜਾ ਸਕੇ। ਉਸ ਨਾਅਰਾ ਦਿਤਾ, "Black man, you are on yourown." ਇਸ ਨਾਅਰੇ ਪਿਛੇ ਉਸ ਦਾ ਭਾਵ ਸੀ ਕਿ ਕਾਲੇ ਲੋਕਾਂ ਦੀ ਮੁਕਤੀ ਲਈ ਜਿੰਨਾ ਚਿਰ ਕਾਲੇ ਲੋਕ ਆਪ ਨਹੀਂ ਖੜ੍ਹਦੇ, ਉਨਾ ਚਿਰ ਉਹ ਮੁਕਤੀ ਨਹੀਂ ਪਾ ਸਕਦੇ। ਸੰਨ 1968 ਵਿਚ ਸਟੀਵ ਬੀਕੋ ਅਤੇ ਉਸਦੇ ਸਾਥੀਆਂ ਨੇ ਸਾਊਥ ਅਫਰੀਕਨ ਸਟੂਡੈਂਟਸ ਆਰਗੇਨਾਈਜੇਸ਼ਨ ਦੀ ਸਥਾਪਨਾ ਕੀਤੀ। ਇਸ ਸਮੇਂ ਦੌਰਾਨ ਵਿਦਿਆਰਥੀਆਂ ਵਿਚ ਇਹ ਲਹਿਰ ਬਹੁਤ ਮਕਬੂਲ ਹੋਈ। ਇਸ ਲਹਿਰ ਵਿਚ ਕਾਲੇ ਵਿਦਿਆਰਥੀਆਂ ਦੇ ਨਾਲ ਨਾਲ ਰੰਗਦਾਰ ਅਤੇ ਭਾਰਤੀ ਮੁੱਢ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਪਹਿਲਾਂ ਪਹਿਲਾਂ ਚਿੱਟੀ ਸਰਕਾਰ ਨੇ ਇਸ ਲਹਿਰ ਵੱਲ ਕੋਈ ਧਿਆਨ ਨਾ ਦਿੱਤਾ ਪਰ ਜਦੋਂ ਸੰਨ 1974 ਵਿਚ ਡਰਬਿਨ ਵਿਖੇ ਗੁਆਂਢੀ ਦੇਸ਼ ਮੌਜ਼ਮਬੀਕ ਦੀ ਆਜ਼ਾਦੀ ਦੇ ਹੱਕ ਵਿਚ ਇਕ ਬਹੁਤ ਵੱਡਾ ਮੁਜ਼ਾਹਰਾ ਕੀਤਾ ਤਾਂ ਸਰਕਾਰ ਨੇ ਸਾਊਥ ਅਫਰੀਕਨ ਸਟੂਡੈਂਟਸ ਆਰਗੇਨਾਈਜੇਸ਼ਨ ਅਤੇ ਬਲੈਕ ਪੀਪਲ ਕਨਵੈਨਸ਼ਨ (ਸਟੂਡੈਂਟਸ ਆਰਗੇਨਾਈਜੇਸ਼ਨ ਦਾ ਸਿਆਸੀ ਵਿੰਗ) ਨੂੰ ਬੈਨ ਕਰਕੇ ਇਸ ਦੇ ਲੀਡਰਾਂ ਅਤੇ ਕਾਰਕੁੰਨਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕੀਤਾ। ਸਟੀਵ ਬੀਕੋ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1977 ਵਿਚ ਪੁਲੀਸ ਹਿਰਾਸਤ ਵਿਚ ਵਹਿਸ਼ੀ ਤਸ਼ੱਦਦ ਕਾਰਨ ਸਟੀਵ ਬੀਕੋ ਸ਼ਹੀਦ ਹੋ ਗਿਆ। ਬਲੈਕ ਕਾਂਸ਼ੀਐਸਨੈਸ ਲਹਿਰ ਦੇ ਦੌਰਾਨ ਗੋਰੇ ਵਿਦਿਆਥੀਆਂ ਨੇ ਵੀ ਮੁਜ਼ਾਹਰੇ ਕਰਕੇ ਕਾਲੇ ਲੋਕਾਂ ਨਾਲ ਆਪਣੀ ਸਾਂਝ ਦਰਸਾਈ।

(ੲ) ਸਾਊਥ ਅਫਰੀਕਾ ਦੀ ਚਰਚ : ਅਪਾਰਥਾਈਡ ਦੇ ਵਿਰੁੱਧ ਸਾਊਥ ਅਫਰੀਕਾ ਦੀ ਚਰਚ ਵੀ ਬਾਕੀ ਜਥੇਬੰਦੀਆਂ ਦੇ ਨਾਲ ਮਿਲਕੇ ਇਸ ਘੋਲ ਵਿਚ ਹਿੱਸਾ ਲੈ ਰਹੀ ਹੈ। ਸੰਨ 1950 ਵਿਚ ਜੋਹਨਸਬਰਗ ਵਿਚ ਕੰਮ ਕਰ ਰਹੇ ਬਰਤਾਨੀਆਂ ਦੇ ਕਲਰਜ਼ੀ ਮੈਨ ਟਰੈਵਰ ਹਡਲਿਸਟਨ ਨੇ ਖੁਲ੍ਹੇ ਆਮ ਸਰਕਾਰ ਦੀਆਂ ਪਾਲਸੀਆਂ ਦੀ ਵਿਰੋਧਤਾ ਕੀਤੀ। ਅਤੇ ਨੋਬਲ ਪੀਸ ਇਨਾਮ ਵਿਜੇਤਾ ਬਿਸ਼ਪ ਡੇਸਮੰਡ ਟੂਟੂ ਸਰਕਾਰ ਦੀ ਕਰੜੀ ਆਲੋਚਨਾ ਕਰ ਰਿਹਾ ਹੈ। ਸਾਊਥ ਅਫਰੀਕਾ ਦੀਆਂ ਚਰਚਾਂ ਵੱਲੋਂ ਰੈਵਰੈਂਡ ਕਿਸਤਾਨ ਬੇਅਰਜ਼ ਨਾਇਡੂ ਨੇ 1960 ਵਿਚ ਸ਼ਾਂਰਪਵਿਲ ਵਿਖੇ ਹੋਏ ਕਤਲੇਆਮ ਤੋਂ ਬਾਅਦ ਮਲਟੀਰੇਸ਼ਲ ਕ੍ਰਿਸ਼ਚਅਨ ਇੰਸਟੀਚਿਊਟ ਆਫ ਸਾਊਥ ਅਫਰੀਕਾ ਦੀ ਸਥਾਪਨਾ ਵਿਚ ਮੱਦਦ ਕੀਤੀ। ਇਸ ਇੰਸਟੀਚਿਊਟ ਨੇ ਅਪਾਰਥਾਈਡ ਪ੍ਰਬੰਧ ਨੂੰ ਅਨੈਤਿਕ ਕਰਾਰ ਦਿਤਾ। ਸੰਨ 1977 ਵਿਚ ਰੈਵਰੈਂਡ ਨਾਇਡੂ ਅਤੇ ਇਸ ਇੰਸਟੀਚਿਊਟ ਨੂੰ ਬੈਨ ਕਰ ਦਿਤਾ ਅਤੇ ਉਸ ਨੂੰ ਸੱਤ ਸਾਲਾਂ ਲਈ ਘਰ ਵਿਚ ਕੈਦ ਕਰ ਦਿਤਾ ਪਿਛਲੀ ਫਰਵਰੀ ਤੋਂ ਜਦੋਂ ਉਸ ਉਪਰੋਂ ਘਰ ਵਿਚ ਨਜ਼ਰਬੰਦੀ ਹਟਾ ਲਈ ਗਈ ਹੈ ਉਹ ਫਿਰ ਤੋਂ ਸਰਕਾਰ ਦੀ ਕਰੜੀ ਆਲੋਚਨਾ ਕਰ ਰਿਹਾ ਹੈ। ਉਸਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਅਫਰੀਕਨ ਨੈਸ਼ਨਲ ਕਾਂਗਰਸ ਨਾਲ ਗੱਲਬਾਤ ਕਰੇ ਅਤੇ ਇਸ ਦੇ ਲੀਡਰਜ ਨੈਲਸਨ ਮੰਡੇਲਾ ਨੂੰ ਰਿਹਾ ਕਰੇ।

(ਸ) ਯੂਨਾਈਟਿਡ ਡੈਮੋਕਰੈਟਿਕ ਫਰੰਟ : ਇਸ ਸਮੇਂ ਦਾ ਘੋਲ ਯੂਨਾਈਟਿਡ ਡੈਮੋਕਰੈਟਿਕ ਫਰੰਟ ਵੱਲੋਂ ਲੜਿਆ ਜਾ ਰਿਹਾ ਹੈ। ਯੂਨਾਈਟਿਡ ਡੈਮੋਕਰੈਟਿਕ ਫਰੰਟ ਛੇ ਸੌ ਜਥੇਬੰਦੀਆਂ ਦੀ ਇਕ ਸਾਂਝੀ ਸੰਸਥਾ ਹੈ। ਇਨ੍ਹਾਂ ਜਥੇਬੰਦੀਆਂ ਵਿਚ ਮਜ਼ਦੂਰ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ ਅਤੇ ਕਮਿਊਨਿਟੀ ਜਥੇਬੰਦੀਆਂ ਸ਼ਾਮਲ ਹਨ। ਯੂਨਾਈਟਿਡ ਡੈਮੋਕਰੈਟਿਕ ਫਰੰਟ ਅਫਰੀਕਨ ਨੈਸ਼ਨਲ ਕਾਂਗਰਸ ਦੇ ਕਾਫੀ ਨੇੜੇ ਹੈ। ਪਿਛਲੇ ਸਮੇਂ ਦੌਰਾਨ ਡੈਮੋਕਰੈਟਿਕ ਫਰੰਟ ਦੇ ਕਈ ਉਘੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਤੇ ਇਨ੍ਹਾਂ ਵਿਚੋਂ 16 ਉਪਰ ਬਗਾਵਤ ਦੇ ਦੋਸ਼ ਵਿਚ ਮੁਕੱਦਮਾ ਚੱਲ ਰਿਹਾ ਹੈ। ਇਹ ਮੁਕੱਦਮਾ 1962 ਵਿਚ ਨੈਲਸਨ ਮੰਡੇਲਾ ਦੇ ਮੁਕੱਦਮੇ ਤੋਂ ਬਾਅਦ ਸਭ ਤੋਂ ਵੱਡਾ ਮੁਕੱਦਮਾ ਹੈ। ਉਘੇ ਲੀਡਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਡੈਮੋਕਰੈਟਿਕ ਫਰੰਟ ਦੀ ਅਗਵਾਈ ਰੈਵਰੈਂਡ ਐਲਨ ਬੋਜ਼ੇਕ ਕਰ ਰਿਹਾ ਸੀ। ਉਸ ਅਨੁਸਾਰ ਸਾਊਥ ਅਫਰੀਕਾ ਦੀ ਹੁਣ ਦੀ ਸਰਕਾਰ "ਹਿਟਲਰ ਦੇ ਬੱਚਿਆਂ ਦੀ ਸਰਕਾਰ" ਹੈ। ਅਗਸਤ ਦੇ ਅਖੀਰ ਵਿਚ ਐਲਨ ਬੋਜ਼ੇਕ ਨੂੰ ਵੀ ਅਣਮਿਥੇ ਸਮੇਂ ਲਈ ਗ੍ਰਿਫਤਾਰ ਕਰ ਲਿਆ ਗਿਆ ਹੈ। ਪਰ ਇਨ੍ਹਾਂ ਗ੍ਰਿਫਤਾਰੀਆਂ, ਨਜ਼ਰਬੰਦੀਆਂ, ਗੋਲੀਆਂ ਦੇ ਬਾਵਜੂਦ ਵੀ ਸਰਕਾਰ ਕਾਲੇ ਲੋਕਾਂ ਦੀ ਇਸ ਆਜ਼ਾਦੀ ਦੀ ਲੜਾਈ ਨੂੰ ਨਹੀਂ ਰੋਕ ਸਕੀ। ਗੋਰੇ ਵਿਦਿਆਰਥੀਆਂ ਨੇ ਚਿੱਟੀ ਸਰਕਾਰ ਵਿਰੁੱਧ ਜਲੂਸ ਕੱਢ ਕੇ ਕਾਲੇ ਲੋਕਾਂ ਨਾਲ ਆਪਣੀ ਸਾਂਝ ਦਿਖਾਈ ਹੈ। ਇਸ ਸਮੇਂ ਕਾਲਿਆਂ ਦੀ ਮੁਕਤੀ ਦੀ ਇਸ ਲੜਾਈ ਵਿਚ ਸਾਊਥ ਅਫਰੀਕਾ ਦੇ ਕਿੰਨੇ ਗੋਰੇ ਵੀ ਉਨ੍ਹਾਂ ਦੇ ਨਾਲ ਹਨ। ਇਸ ਤੋਂ ਇਹ ਸਾਫ ਹੁੰਦਾ ਹੈ ਕਿ ਸਾਊਥ ਅਫਰੀਕਾ ਦੇ ਸਾਰੇ ਗੋਰੇ ਲੋਕ ਲੁਟੇਰਿਆਂ ਦੇ ਨਾਲ ਨਹੀਂ ਹਨ।

ਭਾਰਤੀ ਮੁੱਢ ਦੇ ਲੋਕਾਂ ਵਿਰੁੱਧ ਹਿੰਸਾ : ਇਸ ਸਮੇਂ ਦੌਰਾਨ ਡਰਬਿਨ ਵਿਖੇ ਕਾਲਿਆਂ ਵੱਲੋਂ ਭਾਰਤੀ ਮੁੱਢ ਦੇ ਲੋਕਾਂ ਵਿਰੁੱਧ ਹਿੰਸਕ ਕਾਰਵਾਈਆਂ ਕੀਤੇ ਜਾਣ ਦੀਆਂ ਖਬਰਾਂ ਮਿਲੀਆਂ ਹਨ। ਇਹ ਸਭ ਕੁੱਝ ਉਦੋਂ ਸ਼ੁਰੂ ਹੋਇਆ ਜਦੋਂ ਕਾਲਿਆਂ ਨੇ ਇਕ ਸਿਵਲ ਅਧਿਕਾਰਾਂ ਲਈ ਸਰਗਰਮ ਵਕੀਲ ਵਿਕਟੋਰੀਆ (Victoria Mxenge) ਦੇ ਕਤਲ ਦੇ ਰੋਸ ਵਿਚ ਭਾਰਤੀ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਲਈ ਕਿਹਾ। ਪਰ ਭਾਰਤੀ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰਨ ਤੋਂ ਇਨਕਾਰ ਕਰ ਦਿਤਾ। ਤੇ ਇਹ ਦੰਗੇ ਭੜਕ ਪਏ। ਇਹ ਤਾਂ ਮੌਜੂਦਾ ਕਾਰਨ ਹੋ ਸਕਦਾ ਹੈ। ਪਰ ਜੇ ਆਪਾਂ ਪਿਛਲੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਤਾਂ ਚਿੱਟਿਆਂ ਦੀ ਪੁਰਾਣੀ 'ਪਾੜੋ ਤੇ ਰਾਜ ਕਰੋ" ਦੀ ਨੀਤੀ ਦਾ ਹੀ ਨਤੀਜਾ ਹੈ। ਜਦੋਂ ਪਹਿਲਾਂ ਪਹਿਲ ਭਾਰਤੀ ਲੋਕ ਸਾਊਥ ਅਫਰੀਕਾ ਵਿਚ ਆਏ ਤਾਂ ਗੰਨੇ ਦੇ ਖੇਤਾਂ ਵਿਚ ਇਕੋ ਜਿਹਾ ਕੰਮ ਕਰਨ ਬਦਲੇ ਭਾਰਤੀਆਂ ਨੂੰ ਜ਼ਿਆਦਾ ਪੈਸੇ ਦਿਤੇ ਜਾਂਦੇ ਸਨ। ਭਾਰਤੀ ਮੁੱਢ ਦੇ ਲੋਕਾਂ ਨੂੰ ਕਾਲਿਆਂ ਦੇ ਮੁਕਾਬਲੇ ਥੋੜੇ ਜਿਹੇ ਵੱਧ ਅਧਿਕਾਰ ਹਨ, ਜਿਵੇਂ ਸਾਊਥ ਅਫਰੀਕਾ ਦੇ ਇਕ ਸੂਬੇ (Orange free State) ਤੋਂ ਇਲਾਵਾ ਉਹ ਬਿਨਾਂ ਪਾਸ ਲਿਆਂ ਸਾਊਥ ਅਫਰੀਕਾ ਵਿਚ ਜਿਥੇ ਮਰਜ਼ੀ ਘੁੰਮ ਸਕਦੇ ਹਨ। ਪਿਛਲੇ ਸਾਲ ਚਿੱਟੀ ਸਰਕਾਰ ਵੱਲੋਂ ਭਾਰਤੀ ਕੰਮ ਕਰਦੇ ਅਤੇ ਰੰਗਦਾਰ ਲੋਕਾਂ ਨੂੰ ਆਪਣੀ ਵੱਖਰੀ ਪਾਰਲੀਮੈਂਟ ਬਣਾਉਣ ਦਾ ਅਧਿਕਾਰ ਦਿਤਾ ਗਿਆ ਹੈ। ਭਾਰਤੀ ਲੋਕ ਉਥੇ ਸੂਦਖੋਰੀ ਦਾ ਕੰਮ ਕਰਦੇ ਹਨ ਅਤੇ ਕਾਲੇ ਲੋਕਾਂ ਨੂੰ ਆਪਣੇ ਘਰਾਂ ਵਿਚ ਨੌਕਰ ਰੱਖਿਆ ਹੋਇਆ ਹੈ। ਇਸ ਸਭ ਕੁਛ ਤੋਂ ਕਾਲੇ ਲੋਕਾਂ ਨੂੰ ਜਾਪਦਾ ਹੈ ਕਿ ਭਾਰਤੀ ਮੁੱਢ ਦੇ ਲੋਕ ਵੀ ਚਿੱਟਿਆਂ ਨਾਲ ਮਿਲਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਹਨ। ਦੂਜੇ ਪਾਸੇ ਸਰਕਾਰ ਵੱਲੋਂ ਭਾਰਤੀ ਮੁੱਢ ਦੇ ਲੋਕਾਂ ਲਈ ਏਨੀ ਸੁਰੱਖਿਆ ਨਾ ਹੋਣ ਕਰਕੇ, ਕਾਲਿਆਂ ਵੱਲੋਂ ਭਾਰਤੀਆਂ ਉਪਰ ਗੁੱਸਾ ਕੱਢਣਾ ਸੌਖਾ ਹੈ। ਹੁਣੇ ਵਾਪਰੇ ਦੰਗਿਆਂ ਦੌਰਾਨ ਭਾਰਤੀ ਮੁੱਢ ਦੇ ਲੋਕਾਂ ਵੱਲੋਂ ਇਹ ਆਮ ਸ਼ਿਕਾਇਤ ਸੀ ਕਿ ਪੁਲੀਸ ਅਤੇ ਫੌਜ ਵੇਲੇ ਸਿਰ ਉਨ੍ਹਾਂ ਦੀ ਸੁਰੱਖਿਆ ਲਈ ਨਹੀਂ ਆਈ। ਇਹ ਸਭ ਦਾ ਤਾਂ ਇਕੋ ਹੱਲ ਹੈ ਕਿ ਭਾਰਤੀ ਮੁੱਢ ਦੇ ਲੋਕ ਲੁੱਟ ਹੋ ਰਹੇ ਲੋਕਾਂ ਦਾ ਸਾਥ ਦੇਣ ਨਾ ਕਿ ਲੁੱਟਣ ਵਾਲਿਆਂ ਦਾ। ਤਾਂ ਹੀ ਕਾਲੇ ਲੋਕਾਂ ਨਾਲ ਭਰਾਤਰੀ ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ। ਭਾਵੇਂ ਭਾਰਤੀ ਮੁੱਢ ਦੇ ਲੋਕਾਂ ਵਿਚੋਂ ਅਗਾਂਹਵਧੂ ਵਿਚਾਰਾਂ ਵਾਲੇ ਲੋਕ ਕਾਲਿਆਂ ਦੀ ਜੱਦੋਜਹਿਦ ਨੂੰ ਸਮਝਦੇ ਹਨ ਅਤੇ ਉਨ੍ਹਾਂ ਦੇ ਸਾਥ ਦਿੰਦੇ ਹਨ, ਪਰ ਇਸ ਸਮਝ ਨੂੰ ਬਹੁ-ਗਿਣਤੀ ਭਾਰਤੀ ਮੁੱਢ ਦੇ ਲੋਕਾਂ ਤੱਕ ਲਿਜਾਣ ਦੀ ਲੋੜ ਹੈ।

ਬਾਹਰਲੇ ਦੇਸ਼ਾਂ ਦਾ ਰੋਲ : ਪੰਜਾਹਵਿਆਂ ਦੇ ਅਖੀਰ ਅਤੇ ਸੱਠਵਿਆਂ ਦੇ ਸ਼ੁਰੂ ਵਿਚ ਬਾਹਰਲੇ ਮੁਲਕਾਂ ਵਿਚ ਅਪਾਰਥਾਈਡ ਵਿਰੁੱਧ ਪ੍ਰਤੀਕਰਮ ਹੋਣੇ ਸ਼ੁਰੂ ਹੋ ਗਏ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਕੁਝ ਦੇਸ਼ਾਂ ਨੇ ਪੂਰੀ ਈਮਾਨਦਾਰੀ ਨਾਲ ਅਪਾਰਥਾਈਡ ਦਾ ਵਿਰੋਧ ਕੀਤਾ ਹੈ ਅਤੇ ਕਈਆਂ ਨੇ ਦੋਗਲੀ ਪਾਲਸੀ ਨਿਭਾਈ ਹੈ। ਸਾਊਥ ਅਫਰੀਕਾ ਨੂੰ ਕਈ ਅੰਤਰ-ਰਾਸ਼ਟਰੀ ਕਮੇਟੀਆਂ ਵਿਚੋਂ ਬਾਹਰ ਕੱਢਿਆ ਗਿਆ ਹੈ। 1946 ਤੋਂ 1960 ਤੱਕ ਯੂਨਾਈਟਿਡ ਨੇਸ਼ਨਜ ਹਰ ਸਾਲ ਸਾਊਥ ਅਫਰੀਕਾ ਨੂੰ ਆਪਣੀ ਅਪਾਰਥਾਈਡ ਪਾਲਸੀ ਨੂੰ ਬੰਦ ਕਰਨ ਲਈ ਅਪੀਲ ਕਰਦੀ ਆਉਂਦੀ ਰਹੀ ਹੈ ਪਰ ਇਸ ਅਪੀਲ ਦਾ ਕੋਈ ਅਸਰ ਨਹੀਂ ਹੋਇਆ। ਇਸ ਤਰ੍ਹਾਂ ਸਾਊਥ ਅਫਰੀਕਾ ਵੱਲੋਂ ਯੂਨਾਈਟਿਡ ਨੇਸ਼ਨਜ ਦੀਆਂ ਅਪੀਲਾਂ ਦੀ ਪਰਵਾਹ ਨਾ ਕੀਤੇ ਜਾਣ 'ਤੇ ਅਫਰੀਕਾ ਤੇ ਏਸ਼ੀਆ ਦੇ ਹੋਰ ਮੁਲਕਾਂ (Afro-Asian Bloc) ਨੇ ਮਿਲਕੇ ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਦੀ ਮੰਗ ਰੱਖੀ। ਨਵੰਬਰ 6, 1962 ਨੂੰ ਯੂਨਾਈਟਿਡ ਨੇਸ਼ਨਜ ਦੀ ਅਸੈਂਬਲੀ ਵਿਚ ਇਹ ਮਤਾ ਲਿਆਂਦਾ ਗਿਆ। ਜਿਸ ਵਿਚ ਯੂਨਾਈਟਿਡ ਨੇਸ਼ਨਜ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਸਾਊਥ ਅਫਰੀਕਾ ਨਾਲ ਰਾਜਦੂਤਕ ਅਤੇ ਆਰਥਿਕ ਸਬੰਧ ਤੋੜਨ ਲਈ ਬੇਨਤੀ ਕੀਤੀ ਗਈ ਸੀ। ਪਰ ਇਸ ਪ੍ਰਸਤਾਵ ਦਾ ਸਾਊਥ ਅਫਰੀਕਾ ਨਾਲ ਵਿਓਪਾਰ ਵਿਚ ਹਿੱਸੇਦਾਰ ਦੇਸ਼ਾਂ ਵੱਲੋਂ ਜਿਵੇਂ ਅਮਰੀਕਾ, ਇੰਗਲੈਂਡ, ਵੈਸਟਨ ਜਰਮਨ, ਫਰਾਂਸ ਆਦਿ ਵਿਚੋਂ

(ਬਾਕੀ ਪੰਨਾ 16 ਤੇ)

(ਪੰਨਾ 15 ਦੀ ਬਾਕੀ)

ਕੁੱਝ ਇਕ ਨੇ ਇਸ ਦਾ ਵਿਰੋਧ ਕੀਤਾ ਅਤੇ ਕੁੱਝ ਕੁ ਨੇ ਵੋਟ ਨਹੀਂ ਪਾਈ। ਸੰਨ 1963-64 ਵਿਚ ਯੂਨਾਈਟਿਡ ਨੇਸ਼ਨਜ ਦੀ ਸਕਿਉਰਿਟੀ ਕੌਂਸਲ ਨੇ ਸਾਊਥ ਅਫਰੀਕਾ ਨਾਲ ਹਥਿਆਰਾਂ ਦੀ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਪਰ ਆਦੇਸ਼ਾਂਤਮਕ (Mandatory) ਪਾਬੰਦੀ ਲਾਉਣ ਵਿਚ ਕਾਮਯਾਬ ਨਹੀਂ ਹੋਈ ਇਸ ਕਰਕੇ ਇਸ ਸਿਫਾਰਸ਼ ਦਾ ਕੋਈ ਬਹੁਤ ਵਧੀਆ ਅਸਰ ਨਹੀਂ ਹੋਇਆ। ਸੰਨ 1962-63 ਵਿਚ ਸਾਊਥ ਅਫਰੀਕਾ ਦਾ ਮਿਲਟਰੀ ਬੱਜਟ ਸੋਲਾਂ ਕਰੋੜ ਅੱਸੀ ਲੱਖ ਡਾਲਰ ਸੀ ਅਤੇ 1977-78 ਵਿਚ ਇਹ ਬੱਜਟ ਵਧ ਕੇ 190 ਕਰੋੜ ਡਾਲਰ ਹੋ ਗਿਆ।

ਸਾਊਥ ਅਫਰੀਕਾ ਵਿਚ ਵਾਪਰਦੀਆਂ ਤਾਜ਼ਾ ਘਟਨਾਵਾਂ ਦੇ ਫਲਸਰੂਪ ਵੱਖ ਵੱਖ ਦੇਸ਼ਾਂ ਵੱਲੋਂ ਵੱਖ ਵੱਖ ਪ੍ਰਤੀਕਰਮ ਹੋਏ ਹਨ। ਇਕ ਵਾਰ ਫੇਰ ਯੂਨਾਈਟਿਡ ਨੇਸ਼ਨਜ ਵਿਚ ਸਾਰੇ ਮੈਂਬਰ ਦੇਸ਼ਾਂ ਵੱਲੋਂ ਸਾਊਥ ਅਫਰੀਕਾ ਵਿਰੁੱਧ ਆਦੇਸ਼ਾਤਮਕ ਆਰਥਿਕ ਪਾਬੰਦੀਆਂ ਲਾਉਣ ਲਈ ਮਤਾ ਰੱਖਿਆ ਗਿਆ। ਪਰ ਇਸ ਮਤੇ ਦੇ ਵਿਰੋਧ ਵਿਚ ਅਮਰੀਕਾ ਅਤੇ ਬਰਤਾਨੀਆਂ ਨੇ ਵੀਟੋ ਕੀਤਾ ਹੈ। ਪਰ ਆਪਣੀ ਮਨਮਰਜ਼ੀ ਨਾਲ ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਲਈ ਮਤਾ ਯੂਨਾਈਟਿਡ ਨੇਸ਼ਨਜ ਦੀ ਸਕਿਉਰਿਟੀ ਕੌਂਸਲ ਵਿਚ 13-0 ਦੇ ਹਿਸਾਬ ਪਾਸ ਕੀਤਾ ਗਿਆ ਹੈ। ਪਰ ਇਸ ਮਤੇ ਵੇਲੇ ਵੀ ਅਮਰੀਕਾ ਅਤੇ ਬਰਤਾਨੀਆਂ ਨੇ ਕਿਸੇ ਪਾਸੇ ਵੋਟ ਨਹੀਂ ਪਾਈ। ਫਰਾਂਸ ਨੇ ਆਪਣਾ ਰਾਜਦੂਤ ਸਾਊਥ ਅਫਰੀਕਾ ਤੋਂ ਵਾਪਸ ਬੁਲਾ ਲਿਆ ਹੈ ਅਤੇ ਹੋਰ ਨਵੀਆਂ ਇਨਵੈਸਟਮੈਂਟਸ ਨੂੰ ਮੁਅੱਤਲ ਕਰ ਦਿਤਾ ਗਿਆ ਹੈ। ਪਰ ਫਰਾਂਸ ਦੀ ਇਸ ਸਟੇਟਮੈਂਟ ਨਾਲ ਵੀ ਫਰਾਂਸ ਅਤੇ ਸਾਊਥ ਅਫਰੀਕਾ ਵਿਚਕਾਰ ਪੁਰਾਣੇ ਆਰਥਿਕ ਸਬੰਧਾਂ ਵਿਚ ਕੋਈ ਫਰਕ ਨਹੀਂ ਪਵੇਗਾ।

ਜਿਸ ਸਮੇਂ ਅਮਰੀਕਾ ਅਤੇ ਬਰਤਾਨੀਆਂ ਨੇ ਆਦੇਸ਼ਾਤਮਕ ਪਾਬੰਦੀਆਂ ਵਾਲੇ ਪ੍ਰਸਤਾਵ ਵਿਰੁੱਧ ਵੀਟੋ ਕੀਤਾ ਤਾਂ ਉਨ੍ਹਾਂ ਦਾ ਸਪਸ਼ਟੀਕਰਣ ਇਹ ਸੀ ਕਿ ਉਹ ਸਾਊਥ ਅਫਰੀਕਾ ਨਾਲ ਉਸਾਰੂ ਸਬੰਧ ਰੱਖਣਾ ਚਾਹੁੰਦੇ ਹਨ ਤਾਂ ਕਿ ਉਹ ਸਾਊਥ ਅਫਰੀਕਾ ਦੀ ਸਰਕਾਰ ਨਾਲ ਅਪਾਰਥਾਈਡ ਦੇ ਵਿਰੋਧ ਵਿਚ ਗੱਲਬਾਤ ਕਰ ਸਕਣ। ਦੂਜਾ ਸਪਸ਼ਟੀਕਰਣ ਉਨ੍ਹਾਂ ਦਾ ਇਹ ਸੀ ਕਿ ਜੇ ਉਹ ਉਥੋਂ ਆਪਣਾ ਪੈਸਾ ਬਾਹਰ ਕੱਢ ਲੈਣ ਤਾਂ ਇਸ ਦਾ ਕਾਲੇ ਲੋਕਾਂ ਉਪਰ ਜ਼ਿਆਦਾ ਅਸਰ ਪਵੇਗਾ। ਕਿਉਂਕਿ ਉਨ੍ਹਾਂ ਨੂੰ ਨੌਕਰੀਆਂ ਤੋਂ ਵਾਂਝੇ ਹੋਣਾ ਪਵੇਗਾ। ਇਹ ਸਪਸ਼ਟੀਕਰਣ ਤਾਂ ਉਹ ਸਿਰਫ ਲੋਕਾਂ ਵਿਚ ਸੱਚੇ ਹੋਣ ਨੂੰ ਦਿੰਦੇ ਹਨ। ਅਸਲ ਵਿਚ ਅੰਦਰੂਨੀ ਕਾਰਨ ਹੋਰ ਹਨ। ਸਾਊਥ ਅਫਰੀਕਾ ਵਿਚ ਕਾਲੇ ਲੋਕਾਂ ਦੀ ਸਸਤੀ ਮਜ਼ਦੂਰੀ ਹੋਣ ਕਾਰਨ ਅਮਰੀਕਾ ਦੀਆਂ ਸਰਮਾਏਦਾਰ ਕੰਪਨੀਆਂ ਵੱਡੇ ਵੱਡੇ ਮੁਨਾਫੇ ਕਮਾ ਸਕਦੀਆਂ ਹਨ। ਇਸ ਸਮੇਂ ਅਮਰੀਕਾ ਦੀਆਂ ਕੰਪਨੀਆਂ ਵੱਲੋਂ ਸਾਊਥ ਅਫਰੀਕਾ ਵਿਚ ਲਗਾਈ ਪੂੰਜੀ ਦਾ ਜੋੜ 2.3 ਬਿਲੀਅਨ ਡਾਲਰ ਹੈ। ਜੇ ਬੈਂਕਾਂ ਵੱਲੋਂ ਦਿਤੇ ਕਰਜ਼ੇ ਅਤੇ ਸਟਾਕ ਹੋਲਡਿੰਗਜ਼ ਵਗੈਰਾ ਨੂੰ ਵੀ ਗਿਣਿਆ ਜਾਵੇ ਤਾਂ ਅਮਰੀਕਾ ਦੀ ਕੁੱਲ ਪੂੰਜੀ 14 ਬਿਲੀਅਨ ਡਾਲਰ ਦੇ ਨੇੜੇ ਤੇੜੇ ਪਹੁੰਚ ਜਾਂਦੀ ਹੈ। ਇਸੇ ਹੀ ਤਰ੍ਹਾਂ ਬਰਤਾਨੀਆਂ ਵੱਲੋਂ ਲਾਈ ਪੂੰਜੀ 12 ਬਿਲੀਅਨ ਪੌਂਡਾਂ ਦੇ ਨੇੜੇ ਤੇੜੇ ਹੈ। ਇਸ ਲਈ ਅਮਰੀਕਾ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਇਹ ਆਰਥਿਕ ਪਾਬੰਦੀਆਂ ਲਾ ਕੇ ਇਨ੍ਹਾਂ ਦੇਸ਼ਾਂ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਵੱਡੀ ਮਾਤਰਾ ਵਿਚ ਲਾਈ ਪੂੰਜੀ ਤੋਂ ਹੁੰਦੇ ਮੁਨਾਫੇ ਤੋਂ ਵਾਂਝਿਆਂ ਨਹੀਂ ਕਰ ਸਕਦੀਆਂ। ਇਸ ਦੇ ਨਾਲ ਹੀ ਅਮਰੀਕਾ ਵੱਲੋਂ ਸਾਊਥ ਅਫਰੀਕਾ ਨਾਲ ਸਬੰਧ ਰੱਖਣ ਦਾ ਇਕ ਹੋਰ ਕਾਰਨ ਹੈ, ਅਫਰੀਕਾ ਵਿਚ ਕਮਿਊਨਿਸਟ ਪ੍ਰਭਾਵ ਨੂੰ ਰੋਕਣਾ। ਸਾਊਥ ਅਫਰੀਕਾ ਦੇ ਕਈ ਗੁਆਂਢੀ ਦੇਸ਼ਾਂ ਵਿਚ ਕਮਿਊਨਿਸਟਾਂ ਦੀ ਅਗਵਾਈ ਹੇਠਾਂ ਲੋਕਾਂ ਦੀ ਮੁਕਤੀ ਲਈ ਲਹਿਰਾਂ ਚੱਲ ਰਹੀਆਂ ਹਨ। ਇਨ੍ਹਾਂ ਲਹਿਰਾਂ ਦੇ ਵਿਰੋਧ ਲਈ ਸਾਊਥ ਅਫਰੀਕਾ, ਅਮਰੀਕਾ ਦਾ ਇਕ ਅਹਿਮ ਅੱਡਾ ਹੈ। ਅਮਰੀਕਾ ਦਾ ਪ੍ਰਧਾਨ ਰੇਗਨ ਅਤੇ ਉਸਦੇ ਕਰਿੰਦੇ ਅਪਾਰਥਾਈਡ ਵਿਰੁੱਧ ਜਿੰਨੇ ਵੱਡੇ ਵੱਡੇ ਬਿਆਨ ਦੇਈ ਜਾਣ ਪਰ ਉਨ੍ਹਾਂ ਦੀ ਅਸਲੀਅਤ ਰੇਗਨ ਦੇ ਇਸ ਬਿਆਨ ਤੋਂ ਸਪਸ਼ਟ ਹੋ ਜਾਂਦੀ ਹੈ ਜਿਸ ਵਿਚ ਉਸ ਨੇ ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਲੋਕਾਂ ਵਿਰੁੱਧ ਵਰਤੀ ਜਾਂਦੀ ਹਿੰਸਾ ਦੀ ਵਕਾਲਤ ਕੀਤੀ ਹੈ। ਉਸ ਨੇ ਕਿਹਾ ਹੈ "ਮੇਰੇ ਖਿਆਲ ਵਿਚ, ਸਾਨੂੰ ਕਦੇ ਕਦੇ ਉਸ ਤਾਕਤ ਦੀ ਵਰਤੋਂ, ਜਿਹੜੀ ਹਿੰਸਾ ਨੂੰ ਦਬਾਉਣ ਲਈ ਵਰਤੀ ਜਾਂਦੀ ਹੈ, ਨੂੰ ਮਾਨਤਾ ਦੇਣੀ ਪੈਂਦੀ ਹੈ।" ਇਸ ਬਿਆਨ ਦੇ ਜਵਾਬ ਵਿਚ ਜਦੋਂ ਸਾਊਥ ਅਫਰੀਕਾ ਦਾ ਸਰਕਾਰੀ ਰੇਡੀਓ ਇਹ ਕਹਿੰਦਾ ਹੈ, "ਇਸ ਸਮੇਂ ਸਾਊਥ ਅਫਰੀਕਾ ਦਾ ਅਮਰੀਕਾ ਨਾਲੋਂ ਵਧੀਆ ਸਾਥੀ ਕੋਈ ਹੋਰ ਨਹੀਂ ਹੈ" ਤਾਂ ਅਮਰੀਕਾ ਦੇ ਮਗਰਮੱਛੀ ਹੰਝੂਆਂ ਦਾ ਢੌਂਗ ਨੰਗਾ ਹੋ ਜਾਂਦਾ ਹੈ। ਇਹ ਤਾਂ ਅਮਰੀਕਾ ਦੀ ਸਰਕਾਰ ਦਾ ਰੋਲ ਹੈ ਪਰ ਜਦ ਅਮਰੀਕਾ ਦੇ ਬਹੁਤੇ ਲੋਕ ਅਪਾਰਥਾਈਡ ਦੇ ਪੂਰੀ ਤਰ੍ਹਾਂ ਵਿਰੋਧ ਵਿਚ ਹਨ। ਪਿਛਲੇ ਅੱਠ ਮਹੀਨਿਆਂ ਤੋਂ ਹਰ ਰੋਜ਼ ਸਾਊਥ ਅਫਰੀਕਾ ਦੀ ਐਂਬੈਂਸੀ ਸਾਹਮਣੇ ਇਕੱਠੇ ਹੋ ਕੇ ਲਗਾਤਾਰ ਰੋਸ ਵਿਖਾਵੇ ਕਰਦੇ ਆ ਰਹੇ ਹਨ। ਇਸ ਤਰ੍ਹਾਂ ਅਮਰੀਕਾ ਦੇ ਹੋਰ ਸ਼ਹਿਰਾਂ ਵਿਚ ਵੀ, ਯੂਨੀਵਰਸਿਟੀਆਂ ਵਿਚ ਵੀ ਅਪਾਰਥਾਈਡ ਵਿਰੁੱਧ ਮੁਜ਼ਾਹਰੇ ਹੋਏ ਹਨ।

ਕੈਨੇਡਾ ਦੀ ਸਰਕਾਰ ਨੇ ਵੀ ਸਮੇਂ ਸਮੇਂ ਅਪਾਰਥਾਈਡ ਦੀ ਪਾਲਿਸੀ ਦੀ ਨਿਖੇਧੀ ਕੀਤੀ ਹੈ। ਬਾਹਰਲੇ ਮੁਆਮਲਿਆਂ ਦੇ ਮੰਤਰੀ ਨੇ ਬਾਰਾਂ ਨੁਕਾਤੀ ਆਰਥਿਕ ਪਾਬੰਦੀਆਂ ਦੀ ਐਲਾਨ ਕੀਤਾ ਹੈ। ਪਰ ਜਦ ਅਪਾਰਥਾਈਡ ਵਿਰੁੱਧ ਸਰਗਰਮ ਲੋਕਾਂ ਅਤੇ ਜਥੇਬੰਦੀਆਂ ਅਨੁਸਾਰ ਇਨ੍ਹਾਂ ਪਾਬੰਦੀਆਂ ਦਾ ਸਾਊਥ ਅਫਰੀਕਾ ਉਪਰ ਕੋਈ ਖਾਸ ਅਸਰ ਨਹੀਂ ਪਵੇਗਾ। ਕਿਉਂਕਿ ਕੈਨੇਡਾ ਦੀਆਂ 28 ਵੱਡੀਆਂ ਵੱਡੀਆਂ ਕੰਪਨੀਆਂ ਨੇ 247 ਮਿਲੀਅਨ ਡਾਲਰ ਦੇ ਲਗਭਗ ਸਾਊਥ ਅਫਰੀਕਾ ਵਿਚ ਪੂੰਜੀ ਲਾਈ ਹੋਈ ਹੈ। ਇਨ੍ਹਾਂ 28 ਵੱਡੀਆਂ ਵੱਡੀਆਂ ਕੰਪਨੀਆਂ ਵਿਚ ਐਲਕਨ ਐਲਮੂਨਮ ਲਿਮਟਿਡ, ਬਾਟਾ ਗਰੁੱਪ, ਕੈਨੇਡਾ ਡੀਵੈਲਪਮੈਂਟ ਕਾਰਪੋਰੇਸ਼ਨ, ਸੀ. ਆਈ. ਐਲ ਕਾਰਪੋਰੇਸ਼ਨ, ਫੋਰਡ ਮੋਟਰ ਕੰਪਨੀ, ਹਡਸਨ ਬੇ ਕੰਪਨੀ, ਨੋਰੰਡਾ ਮਾਈਨਜ਼, ਰੀਡ ਸਟੈਨਹਾਊਸ, ਸੀਗਰੈਮ ਆਦਿ ਕੰਪਨੀਆਂ ਹਨ। ਇਨ੍ਹਾਂ ਵੱਡੀਆਂ ਕੰਪਨੀਆਂ ਖਾਸ ਕਰਕੇ ਐਲਕਨ ਅਤੇ ਬਾਟਾ ਗਰੁਪ ਦੇ ਬੁਲਾਰਿਆਂ ਅਨੁਸਾਰ ਜਦੋਂ ਕਲਾਰਕ ਵੱਲੋਂ ਲਾਈਆਂ ਪਾਬੰਦੀਆਂ ਦਾ ਉਨ੍ਹਾਂ ਦੇ ਕਾਰੋਬਾਰ ਉਪਰ ਬਹੁਤ ਥੋੜਾ ਅਸਰ ਪਵੇਗਾ। ਪ੍ਰਧਾਨ ਮੰਤਰੀ ਬਰਾਇਨ ਮਲਰੂਨੀ ਨੇ ਵਾਰ ਵਾਰ ਬਿਆਨ ਦਿਤੇ ਹਨ ਕਿ ਅਸੀਂ ਹੋਰ ਸਖਤ ਐਕਸ਼ਨ ਲਵਾਂਗੇ। ਪਰ ਅਜੇ ਤਕ ਕੋਈ ਖਾਸ ਐਕਸ਼ਨ ਨਹੀਂ ਲਿਆ। ਜੇ ਪ੍ਰਧਾਨ ਮੰਤਰੀ ਮਲਰੂਨੀ ਸੱਚਮੁਚ ਹੀ ਕਾਲੇ ਲੋਕਾਂ ਉਪਰ ਹੁੰਦਾ ਇਹ ਜ਼ੁਲਮ ਨਹੀਂ ਸਹਿਣ ਕਰ ਸਕਦਾ (ਉਸਨੇ ਆਪਣੇ ਬਿਆਨਾਂ ਵਿਚ ਇੰਜ ਕਿਹਾ ਹੈ) ਤਾਂ ਉਸਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕੰਪਨੀਆਂ ਵੱਲੋਂ ਸਾਊਥ ਅਫਰੀਕਾ ਵਿਚ ਲਾਈ ਜਾਂਦੀ ਇਸ ਪੂੰਜੀ ਵਿਰੁੱਧ ਸਖਤ ਪਾਬੰਦੀਆਂ ਲਾਵੇ। ਕੈਨੇਡਾ ਦੀਆਂ ਬੈਂਕਾਂ ਜਿਵੇਂ ਰੌਇਲ ਬੈਂਕ, ਬੈਂਕ ਆਫ ਨੋਵਾ ਸਕੋਸ਼ੀਆ, ਬੈਂਕ ਆਫ ਮਾਂਟਰੀਅਲ, ਕੈਨੇਡੀਅਨ ਇਮਪੀਰੀਅਲ ਬੈਂਕ ਆਫ ਕਾਮਰਸ ਆਦਿ ਨੇ ਵੱਡੇ ਵੱਡੇ ਕਰਜ਼ੇ ਸਾਊਥ ਅਫਰੀਕਾ ਨੂੰ ਦਿਤੇ ਹਨ। ਇਨ੍ਹਾਂ ਕਰਜ਼ਿਆਂ ਦਾ ਸਾਊਥ ਅਫਰੀਕਾ ਦੀ ਆਰਥਿਕਤਾ ਵਿਚ ਖਾਸ ਹੱਥ ਹੈ। ਪ੍ਰਧਾਨ ਮੰਤਰੀ ਨੂੰ ਇਨ੍ਹਾਂ ਬੈਂਕਾਂ ਉਪਰ ਕਰਜ਼ੇ ਦੇ ਬਾਰੇ ਪਾਬੰਦੀ ਲਾਉਣੀ ਚਾਹੀਦੀ ਹੈ। ਪਰ ਅਜੇ ਤਕ ਉਸਨੇ ਅਜਿਹਾ ਨਹੀਂ ਕੀਤਾ। ਸ਼ਾਇਦ ਉਹ ਰੇਗਨ ਵੱਲ ਦੇਖ ਰਿਹਾ ਹੈ — ਜੇ ਉਹਨੇ ਅਜਿਹਾ ਨਹੀਂ ਕੀਤਾ ਤਾਂ ਮਲਰੂਨੀ ਕਿਵੇਂ ਅਜਿਹਾ ਕਰ ਸਕਦਾ ਹੈ?

ਕੈਨੇਡਾ ਦੀ ਫੈਡਰਲ ਸਰਕਾਰ ਤੋਂ ਬਿਨਾਂ ਕਈ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਆਪਰਥਾਈਡ ਦੇ ਵਿਰੋਧ ਵਿਚ ਕੁੱਝ ਕਦਮ ਚੁੱਕੇ ਹਨ, ਜਿਵੇਂ ਕਿਊਬਠਕ, ਆਨਟਾਰੀਓ, ਮੈਨੀਟੋਬਾ ਆਦਿ ਦੀਆਂ ਸਰਕਾਰਾਂ ਨੇ ਵੀ ਅਪਾਰਥਾਈਡ ਨੇ ਆਪਣੇ ਸ਼ਰਾਬ ਦੀਆਂ ਦੁਕਾਨਾਂ ਤੋਂ ਸਾਊਥ ਅਫਰੀਕਾ ਦੀਆਂ ਬਣੀਆਂ ਵਾਈਨਾਂ ਹਟਾਂ ਦਿਤੀਆਂ ਹਨ। ਪਰ ਬੀ. ਸੀ. ਦੀ ਸੋਕਰਡ ਸਰਕਾਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਜਦੋਂ 1972-75 ਤੱਕ ਬੀ. ਸੀ. ਵਿਚ ਐਨ. ਡੀ. ਪੀ. ਦੀ ਸਰਕਾਰ ਸੀ ਤਾਂ ਉਸ ਨੇ ਵੀ ਬੀ. ਸੀ. ਦੇ ਸ਼ਰਾਬ ਦੇ ਸਟੋਰਾਂ ਵਿਚੋਂ ਸਾਊਥ ਅਫਰੀਕਾ ਦੀ ਵਾਈਨ ਹਟਾ ਦਿਤੀ ਸੀ। ਪਰ ਜਦੋਂ 1975 ਵਿਚ ਸੋਕਰਡ ਸਰਕਾਰ ਆਈ ਤਾਂ ਉਨ੍ਹਾਂ ਫਿਰ ਸ਼ਰਾਬ ਦੀਆਂ ਦੁਕਾਨਾਂ ਵਿਚ ਸਾਊਥ ਅਫਰੀਕਾ ਦੀ ਵਾਈਨ ਵੇਚਣੀ ਸ਼ੁਰੂ ਕਰ ਦਿਤੀ। ਉਂਜ ਜਿਹੜੀ ਸਰਕਾਰ ਬੀ. ਸੀ. ਵਿਚ ਹਿਊਮਨ ਰਾਈਟਸ ਕਮਿਸ਼ਨ ਖਤਮ ਕਰ ਸਕਦੀ ਹੈ, ਉਸ ਤੋਂ ਆਸ ਵੀ ਕੀ ਰੱਖੀ ਜਾ ਸਕਦੀ ਹੈ?

ਅਸੀਂ ਕੀ ਕਰ ਸਕਦੇ ਹਾਂ : ਇਸ ਤਰ੍ਹਾਂ ਆਪਾਂ ਦੇਖਿਆ ਹੈ ਕਿ ਸਾਊਥ ਅਫਰੀਕਾ ਦੇ ਬਹੁ ਗਿਣਤੀ ਲੋਕ ਕਿਸ ਤਰ੍ਹਾਂ ਅਣਮਨੁੱਖੀ, ਘਟੀਆ, ਜ਼ੁਲਮ ਅਤੇ ਜ਼ਬਰ ਦੀਆਂ ਹਾਲਤਾਂ ਹੇਠ ਰਹਿ ਰਹੇ ਹਨ। ਇਸ ਦੇ ਨਾਲ ਉਹ ਅਜਿਹੀਆਂ ਹਾਲਤਾਂ ਤੋਂ ਮੁਕਤੀ ਪਾਉਣ ਲਈ ਸਰਕਾਰ ਵਿਰੁੱਧ ਘੋਲ ਲੜ ਰਹੇ ਹਨ। ਸਾਰੀ ਦੁਨੀਆਂ ਦੇ ਬਹੁਗਿਣਤੀ ਲੋਕ ਉਨ੍ਹਾਂ ਦੇ ਇਸ ਹੱਕੀ ਘੋਲ ਦੀ ਹਮਾਇਤ ਕਰ ਰਹੇ ਹਨ। ਸਾਨੂੰ ਵੀ ਇਸ ਅੰਤਰਰਾਸ਼ਟਰੀ ਲਹਿਰ ਦਾ ਅੰਗ ਬਣਨਾ ਚਾਹੀਦਾ ਹੈ। ਸਾਊਥ ਅਫਰੀਕਾ ਦੇ ਚਿੱਟੇ ਲੋਕ 'ਵਾਈਟ ਸੁਪਰਮੇਸੀ' ਦੀ ਵਿਚਾਰਧਾਰਾ ਅਧੀਨ ਕਾਲੇ ਲੋਕਾਂ ਉਪਰ ਜ਼ੁਲਮ ਕਰ ਰਹੇ ਹਨ। ਉਨ੍ਹਾਂ ਦੇ ਸਾਥੀ ਇਥੇ ਕੂ ਕਲੈਕਸ ਕਲੈਨ, ਆਰੀਅਨ ਨੇਸ਼ਨਜ ਆਦਿ ਜਥੇਬੰਦੀਆਂ ਖੜ੍ਹੀਆਂ ਕਰਕੇ ਸਾਡੇ ਵਿਰੁਧ ਨਸਲੀ ਪਰਚਾਰ ਕਰ ਰਹੇ ਹਨ। ਵੱਡੀਆਂ ਵੱਡੀਆਂ ਕੰਪਨੀਆਂ ਜਿਹੜੀਆਂ ਸਾਊਥ ਅਫਰੀਕਾ ਵਿਚ ਪੂੰਜੀ ਲਾ, ਸਾਊਥ ਅਫਰੀਕਾ ਦੀ . ਸਰਕਾਰ ਵੱਲੋਂ ਲੁੱਟ-ਖਸੁੱਟ ਵਿਚ ਭਾਈਵਾਲ ਬਣਦੀਆਂ ਹਨ, ਉਹ ਹੀ ਕੰਪਨੀਆਂ ਇਥੇ ਸਾਡੀ ਮਿਹਨਤ ਦੀ ਲੁੱਟ ਕਰਦੀਆਂ ਹਨ। ਸਾਊਥ ਅਫਰੀਕਾ ਦੇ ਕਾਲੇ ਲੋਕਾਂ ਨੂੰ, ਅਤੇ ਦੁਨੀਆਂ ਦੇ ਬਾਕੀ ਮਜ਼ਦੂਰਾਂ ਨੂੰ ਲੁੱਟਣ ਵਾਲੇ ਅੰਤਰ-ਰਾਸ਼ਟਰੀ ਤੌਰ 'ਤੇ ਇਕੱਠੇ ਹਨ। ਇਸ ਲਈ ਸਾਨੂੰ ਵੀ ਇਨ੍ਹਾਂ ਵਿਰੁਧ ਅੰਤਰ-ਰਾਸ਼ਟਰੀ ਤੌਰ 'ਤੇ ਇਕੱਠੇ ਹੋਣਾ ਜ਼ਰੂਰੀ ਹੈ। ਤਾਂ ਹੀ ਇਸ ਸਮਾਜ ਵਿਚੋਂ ਲੁੱਟ ਖਤਮ ਕੀਤੀ ਜਾ ਸਕਦੀ ਹੈ। ਜਿੰਨੀ ਦੇਰ ਸਾਰੀ ਦੁਨੀਆਂ ਦੇ ਲੋਕ ਆਜ਼ਾਦ ਨਹੀਂ ਹੋ ਜਾਂਦੇ, ਉਨਾਂ ਚਿਰ ਉਨ੍ਹਾਂ ਲੋਕਾਂ ਦੀ ਆਜ਼ਾਦੀ ਜੋ ਇਸ ਸਮੇਂ ਆਜ਼ਾਦ ਹਨ, ਉਪਰ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਅਪਾਰਥਾਈਡ ਵਿਰੋਧੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਈਏ।

ਸਾਨੂੰ ਆਪਣੇ ਆਪਣੇ ਸ਼ਹਿਰਾਂ ਵਿਚ ਅਪਾਰਥਾਈਡ ਵਿਰੋਧੀ ਮੁਜ਼ਾਹਰਿਆਂ ਵਿਚ ਡਟ ਕੇ ਹਿੱਸਾ ਲੈਣਾ ਚਾਹੀਦਾ ਹੈ ਕਿ ਤਾਂ ਕਿ ਕੈਨੇਡਾ ਦੀ ਸਰਕਾਰ ਉਪਰ ਜ਼ੋਰ ਪਾਇਆ ਜਾ ਸਕੇ ਕਿ ਉਹ ਅਪਾਰਥਾਈਡ ਵਿਰੁੱਧ ਕੋਈ ਠੋਸ ਕਦਮ ਚੁੱਕੇ।

(ਬਾਕੀ ਪੰਨਾ 17 ਤੇ)

(ਪੰਨਾ 16 ਦੀ ਬਾਕੀ

ਸਾਊਥ ਅਫਰੀਕਾ ਤੋਂ ਆਈਆਂ ਸਾਰੀਆਂ ਵਸਤਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਜਿਵੇਂ : ਪਾਰਲ ਵਾਈਨਜ਼, ਆਊਟ ਸਪੈਨ ਸੰਤਰੇ, ਰਾਥਮੈਨ ਸਿਗਰਟਾਂ, ਓ ਕੀਫ ਵੱਲੋਂ ਤਿਆਰ ਕੀਤੀਆਂ ਚੀਜ਼ਾਂ ਆਦਿ। ਜਿਹੜੀਆਂ ਕੰਪਨੀਆਂ ਸਾਊਥ ਅਫਰੀਕਾ ਵਿਚ ਪੂੰਜੀ ਲਾਉਂਦੀਆਂ ਹਨ, ਉਨ੍ਹਾਂ ਦੀਆਂ ਬਣਾਈਆਂ ਵਸਤਾਂ ਦਾ ਬਾਈਕਾ ਟ ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮਲਰੂਨੀ ਜਾਂ ਬਾਹਰਲੇ ਮੁਆਮਲਿਆਂ ਦੇ ਮੰਤਰੀ ਜੋ ਕਲਾਰਕ ਨੂੰ ਚਿੱਠੀਆਂ ਲਿਖਣੀਆਂ ਚਾਹੀਦੀਆਂ ਹਨ ਕਿ ਉਹ ਕੈਨੇਡਾ ਵੱਲੋਂ ਸਾਊਥ ਅਫਰੀਕਾ ਵਿਰੋਧ ਆਰਥਿਕ ਪਾਬੰ ਦੀਆਂ ਦਾ ਐਲਾਨ ਕਰੇ।

ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਚਿੱਟੀ ਸਰਕਾਰ ਦੇ ਗੋਡੇ ਲਵਾਉਣ ਵਿਚ ਸਹਾਈ ਹੋ ਸਕਦੀਆਂ ਸਾਨੂੰ ਉਨ੍ਹਾਂ ਲੋਕਾਂ ਦੇ ਪਰਚਾਰ ਤੋਂ ਬਚਣਾ ਚਾਹੀਦਾ ਹੈ ਜੋ ਕਹਿੰਦੇ ਹਨ ਕਿ ਆਰਥਿਕ ਪਾਬੰਦੀਆਂ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਉਪਰ ਮਾੜਾ ਅਸਰ ਕਰਨਗੀਆਂ। ਕਾਲੇ ਲੋਕਾਂ ਦੇ ਬਹੁਤ ਆਗੂਆਂ ਨੇ ਇਸ ਬਾਰੇ ਇਹ ਕਿਹਾ ਹੈ ਕਿ ਬੇਸ਼ੱਕ ਕਾਲੇ ਲੋਕਾਂ ਉਪਰ ਇਸਦਾ ਅਸਰ ਹੋਵੇਗਾ, ਪਰ ਉਹ ਲੋਕ ਆਜ਼ਾਦੀ ਲੈਣ ਲਈ ਇਸ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਹਨ। ਅਪਾਰਥਾਈਡ ਦਾ ਵਿਰੋਧ ਕਰਨਾ ਹਰ ਜਮਹੂਰੀਅਤ ਪਸੰਦ ਮਨੁੱਖ ਦਾ ਫਰਜ਼ ਹੈ ਅਤੇ ਸਾਨੂੰ ਇਸ ਫਰਜ਼ ਤੋਂ ਕੁਤਾਹੀ ਨਹੀਂ ਕਰਨੀ ਚਾਹੀਦੀ।

(ਨੋਟ : ਇਸ ਲੇਖ ਵਿਚ ਵਰਤੀ ਜਾਣਕਾਰੀ ਹੇਠ ਲਿਖੇ ਸੋਮਿਆਂ ਤੋਂ ਇਕੱਠੀ ਕੀਤੀ ਗਈ ਹੈ :

1. ਐਨਥਨੀ ਲੇਮਨ ਵੱਲੋਂ ਸਾਊਥ ਅਫਰੀਕਾ ਬਾਰੇ ਲਿਖੀ ਕਿਤਾਬ 'ਅਪਾਰਥਾਈਡ' ਵਿਚੋਂ।
2. ਮਿਲਾਰਡ ਅਰਨਲਡ ਵੱਲੋਂ ਸਟੀਵ ਬੀਕੋ ਬਾਰੇ ਸੰਪਾਦਤ ਕੀਤੀ ਕਿਤਾਬ ਵਿਚੋਂ।
3. ਯੂਨੈਸਕੋ ਵੱਲੋਂ 1978 ਵਿਚ ਛਾਪੇ ਗਏ ਪੈਂਫਲਿਟ : Apartheid, Black & White ਵਿਚੋਂ।
4. ਯੂਨੈਸਕੋ ਕੋਰੀਅਰ ਦੇ ਨਵੰਬਰ 1977 ਦੇ ਅੰਕ ਵਿਚੋਂ।
5. ਯੂਨੈਸਕੋ ਫੀਚਰ ਵਿਚੋਂ
6. ਅਗਸਤ 5, 1985, ਦੇ ਮੈਕਲੀਨ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
7. ਅਗਸਤ 5, 1985 ਦੇ ਟਾਈਮਜ਼ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
8. ਸਾਊਥ ਅਫਰੀਕਨ ਐਕਸ਼ਨ ਕੋਲੀਸ਼ਨ ਵੱਲੋਂ ਛਾਪੇ ਪੈਂਫਲਿਟ 'ਫਾਈਨੈਂਸਿੰਗ ਅਪਾਰਥਾਈਡ' ਵਿਚੋਂ।
9. ਜੋਆਇਸ ਕਿਸਾਨੇ ਵੱਲੋਂ ਲਿਖੀ ਕਿਤਾਬ 'ਆ ਵਿੰਡੋ ਆਨ ਸੋਵੀਟੋ' ਵਿਚੋਂ।
10. 'ਗਲੋਬ ਐਂਡ ਮੇਲ' ਅਤੇ 'ਵੈਨਕੂਵਰ ਸਨ' ਵਿਚ ਛਪੀਆਂ ਖਬਰਾਂ ਅਤੇ ਲੇਖਾਂ ਵਿਚੋਂ।

(ਧੰਨਵਾਦ ਸਹਿਤ 'ਵਤਨੋਂ ਦੂਰ' ਵਿਚੋਂ)

ਉਜਲੀ-ਸਵੇਰ

• ਮਨਮੋਹਨ ਸਿੰਘ ਦਾਊਂ

ਬਹੁਤ ਦਰਦ ਹੰਢਾ ਲਿਆ ਏ.
ਬਹੁਤ ਕਹਿਰ ਤਾ ਲਿਆ ਏ
ਹੁਣ ਰੁੱਤ ਦਰ ਤੇ ਆਈ
ਉਜਲੀ ਸਵੇਰ ਬਣਕੇ
ਆ ਇਸ ਦਾ ਸਵਾਗਤ ਕਰੀਏ
ਪੈਂਡਾ ਕਠਨ ਜੋ ਅੱਗੇ
ਸਿਰੜੀ ਦੇ ਵਾਂਗ ਤਰੀਏ।
ਨਹੀਂ ਰੁੱਤ ਰੋਸਿਆਂ ਦੀ
ਰੁੱਠੜੇ ਮਨਾਉਣ ਦੀ ਹੈ,
ਖੰਡਰਾਂ ਦੇ ਉੱਤੇ ਮੁੜਕੇ
ਆਓ ਉਸਾਰੀ ਕਰੀਏ।

ਲੋਕਾਂ ਦੀ ਜਿੱਤ ਦਾ ਸੂਰਜ
ਪਿੰਡਾਂ ਤੇ ਸ਼ਹਿਰ ਕੰਘਦਾ
ਚੜ੍ਹਿਆ ਬਲੌਰੀ ਅੰਬਰੀਂ
ਖੇਤਾਂ ਦੇ ਉੱਤੋਂ ਲੰਘਦਾ
ਤੇ ਕਿਰਤੀ ਦੀ ਭੁੱਖ ਖਾਤਰ
ਰੁਜ਼ਗਾਰ ਪਿਆ ਮੰਗਦਾ।

ਆ ਸਾਗਰ ਦੀ ਗਰਮ-ਰੌਅ ਨੂੰ
ਬੰਦੀ ਤੋਂ ਮੁਕਤ ਕਰੀਏ
ਤੇ ਸੱਚਾ ਵਿਸ਼ਵਾਸ ਦੇ ਕੇ
ਜਿਉਣੇ ਦੇ ਯੋਗ ਕਰੀਏ
ਪੰਣਾ ਜੋ ਵਿਧਵਾ ਹੋਈਆਂ
ਉਨ੍ਹਾਂ ਨੂੰ ਓਡਣ ਦਈਏ
ਤੇ ਫੁੱਲਾਂ ਲਾਵਾਰਸਾਂ ਨੂੰ
ਵਿਹੜੇ ਨਸੀਬ ਕਰੀਏ।

ਮੰਦਰ, ਦੁਆਰਿਆਂ ਦੇ
ਕਲਸਾਂ ਤੇ ਧੁੱਪ ਇਕੋ
ਤੇ ਮਿੱਟੀ ਦੀ ਮਹਿਕ ਸਾਂਝੀ
ਸਾਡੀ ਹੈ ਆਦਿ-ਜੁਗਾਦੀ
ਅੱਖਰਾਂ ਦਾ 'ਅਹਿਦਨਾਮਾ'
ਇਤਿਹਾਸ ਹੈ ਸਮੇਂ ਦਾ
ਇਸ ਦੇ ਲਹੂ ਦਾ ਆਲਮ
ਸਾਲਮ ਸਬੂਤ ਕਰੀਏ
ਤੇ ਇਕ ਦਾ ਪਰਚਮ ਲੈ ਕੇ
ਸੁੱਖ-ਸ਼ਾਂਤੀ ਦੇ ਖਾਤਰ
ਉਜਲਾ ਪੰਜਾਬ ਕਰੀਏ!!

ਸ਼ੁਭ-ਇਛਾਵਾਂ

OFFICE OF MAYOR
THE CORPORATION OF THE DISTRICT OF SURREY B.C.
SURREY, B.C., CANADA

October 4, 1985

Darpan Publications
15280 - 96 Avenue
Surrey, B.C.
V3R 1G2

Dear Sirs:

As Mayor, I would like to take this opportunity to welcome you and your business, Darpan Publications, to the Surrey business community. Our municipality is rapidly growing and as such provides opportunity for new businesses such as yours. It is our Council's policy to encourage and support the business community, consequently if you require information regarding the various municipal functions or the municipality as a whole, I would encourage you to contact one of our municipal departments. Our staff will be more than pleased to assist you.

The Surrey Chamber of Commerce, the South Surrey/White Rock Chamber of Commerce and the Cloverdale Board of Trade all meet on a regular basis, giving you the opportunity to meet other businessmen in the community. Their function is to support businesses such as yours and to encourage trade and commerce.

Once again, on behalf of Surrey Council I extend a warm welcome to you and wish you every success.

Yours very truly,

Don A. Ross

Don A. Ross
Mayor

'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ

SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address..
City..
Province..
Postal code..
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA..........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਫਿਲਮ ਦਰਪਣ

ਫਿਲਮੀ ਲੋਕ

ਸ਼ਮੀ/ਸਿੰਮੀ

ਦਾਰਾ ਸਿੰਘ ਦੀ ਪੰਜਾਬੀ ਫਿਲਮ 'ਸਵਾ ਲਖ ਸੇ ਏਕ ਲੜਾਊਂ ਨਾਲ ਉਹ ਪਹਿਲੀ ਵਾਰ ਸਕਰੀਨ 'ਤੇ ਆਈ ਸੀ। ਇਸ ਫਿਲਮ ਦੇ ਇਕ ਗੀਤ "ਮੁੰਡਾ ਮਿਲੇ ਨਾ ਮੇਰੇ ਹਾਣ ਦਾ ..." ਵਿਚ ਉਸ ਨੇ ਡਾਂਸ ਕਰਕੇ ਦਰਸ਼ਕਾਂ ਦਾ ਧਿਆਨ ਆਪਣੀ ਵੱਲ ਖਿਚਿਆ ਸੀ।

ਉਸ ਕਲਾਕਾਰਾਂ ਨੂੰ ਸ਼ਮੀ ਵੀ ਕਹਿੰਦੇ ਨੇ, ਸਿੰਮੀ ਵੀ ਤੇ ਕੰਵਲ ਵੀ। "ਟਾਕ ਰਾ" ਪੰਜਾਬੀ ਫਿਲਮ 'ਚ ਸਿੰਮੀ ਨੇ ਛੋਟੀ ਜਿਹੀ ਭੂਮਿਕਾ ਨਿਭਾਈ ਸੀ ਤੇ "ਤਿਲ ਤਿਲ ਦਾ ਲੇਖਾ" ਵਿਚ ਵੀ। ਲੰਡਨ 'ਚ ਵਸਦੇ ਨਿਰਮਾਤਾਵਾਂ ਨੇ "ਕੱਚਾ ਘੜਾ" ਫਿਲਮ ਅਨਾਊਂਸ ਕੀਤੀ ਸੀ ਜਿਸ ਵਿਚ ਸਿੰਮੀ ਨੇ ਬਤੌਰ ਹੀਰੋਇਨ ਰੋਲ ਕਰਨਾ ਸੀ ਪਰ ਉਹ ਫਿਲਮ ਅੱਗੇ ਨਹੀਂ ਤੁਰ ਸਕੀ।

ਰੇਡੀਓ ਨਾਟਕਾਂ ਤੋਂ ਇਲਾਵਾ ਸਫਰ, ਤਸੱਲੀ ਤੇ ਕਈ ਹੋਰ ਟੈਲੀਵੀਜ਼ਨ ਡਰਾਮਿਆਂ ਵਿਚ ਸ਼ਮੀ ਆਪਣੀ ਕਲਾ ਦੇ ਜੌਹਰ ਦਿਖਾ ਚੁੱਕੀ ਹੈ। ਸ਼ਮੀ ਦਾ ਕਹਿਣਾ ਹੈ ਕਿਫਿਲਮੀ ਦੁਨੀਆਂ ਵੱਲ ਤੁਰਨ ਲਗਿਆਂ ਉਸਨੂੰ ਕੋਈ ਹਿਚਕਚਾਹਟ ਨਹੀਂ ਹੋਈ ਸਗੋਂ ਪਿਤਾ ਨੇ ਉਤਸ਼ਾਹਤ ਕੀਤਾ। "ਕਿਸ ਕਿਸਮ ਦੇ ਰੋਲ ਚੰਗੇ ਲਗਦੇ ਨੇ" ਦੇ ਜਵਾਬ ਵਿਚ ਸ਼ਮੀ ਨੇ ਕਿਹਾ "ਉਂਝ ਤਾਂ ਹਰ ਪ੍ਰਕਾਰ ਦੇ ਰੋਲ ਕਰਨ ਨੂੰ ਤਿਆਰ ਹਾਂ, ਪਰ ਧੁਰ ਇੱਛਾ ਹੈ ਕਿ ਅਰੁਨਾ ਇਰਾਨੀ ਵਰਗੇ ਰੋਲ ਕਰਾਂ, ਚੁਲਬੁਲੇ, ਟਪੂੰ-ਟਪੂੰ ਕਰਨ ਵਾਲੇ ਜੋ ਦਰਸ਼ਕਾਂ ਨੂੰ ਹਸਾਉਣ ਤੇ ਭਰਪੂਰ ਮਨੋਰੰਜਨ ਕਰਾਉਣ।

ਲਤਾ ਡਾਂਸਰ

ਲਤਾ ਨੇ ਆਸ਼ਾ-ਚੰਦਰਾ ਅਕਾਡਮੀ ਤੋਂ ਐਕਟਿੰਗ ਤੇ ਡਾਂਸ ਦੀ ਸਿਖਿਆ ਪ੍ਰਾਪਤ ਕਰਕੇ ਫਿਲਮਾਂ 'ਚ ਪ੍ਰਵੇਸ਼ ਕੀਤਾ। ਗਿਣਨ ਨੂੰ ਤਾਂ ਉਹ ਛੇ-ਸੱਤ ਹਿੰਦੀ ਫਿਲਮਾਂ ਦੇ ਨਾਂ ਲੈਂਦੀ ਹੈ ਜਿਨ੍ਹਾਂ 'ਚ ਛੋਟੀ ਛੋਟੀ ਭੂਮਿਕਾ ਨਿਭਾ ਚੁਕੀ ਹੈ ਪਰ ਅਜੇ ਉਸ ਦੀ ਕੋਈ ਪਛਾਣ ਨਹੀਂ ਬਣ ਸਕੀ। ਇਕ ਭੋਜਪੁਰੀ ਫਿਲਮ ਵਿਚ ਲਤਾ ਬਤੌਰ ਸੈਕਿੰਡ ਹੀਰੋਇਨ ਆਈ ਸੀ ਪਰ ਫਿਲਮ ਨਾ ਚੱਲ ਸਕੀ। ਇਸ ਲਈ ਲਤਾ ਵੀ ਉਭਰ ਕੇ ਸਾਹਮਣੇ ਨਾ ਆ ਸਕੀ। ਹੁਣ ਉਹ ਜ਼ਿਆਦਾਤਰ ਸਟੇਜ ਪ੍ਰੋਗਰਾਮ ਕਰਦੀ ਹੈ। ਕਿਸ਼ੋਰ ਕੁਮਾਰ ਦੇ ਗੀਤਾਂ ਨਾਲ ਡਾਂਸ ਦਿੰਦੀ ਹੈ ਤੇ ਨਾਲ ਹੀ ਨਾਲ ਫਿਲਮਾਂ ਲਈ 'ਸਟਰਗਲ' ਕਰ ਰਹੀ ਹੈ।



ਰਤੀ ਅਗਨੀਹੋਤਰੀ ਫਿਲਮ 'ਬੇਪਨਾਹ' 'ਚ।

ਫਿਲਮ ਸਮੀਖਿਆ

ਜਵਾਨੀ

ਨਿਰਮਾਤਾ ਨੇ ਨਿਰਦੇਸ਼ਕ ਰਮੇਸ਼ ਬਹਿਲ ਦੀ ਰੋਜ਼ ਮੂਵੀਜ਼ ਦੇ ਬੈਨਰ ਹੇਠ ਫੂਜੀ ਕਲਰ ਵਿਚ "ਜਵਾਨੀ" ਹਿੰਦੀ ਫਿਲਮ ਪੰਜਾਬ, ਚੰਡੀਗੜ੍ਹ ਵਿਚ ਹੁਣ ਰਿਲੀਜ਼ ਹੋਈ ਹੈ। ਬੰਬਈ, ਕਲਕੱਤੇ 'ਚ ਕਾਫੀ ਅਰਸਾ ਪਹਿਲਾਂ 'ਜਵਾਨੀ' ਲਗ ਕੇ ਲੱਥ ਗਈ ਸੀ। ਟਿਕਟ-ਖਿੜਕੀ 'ਤੇ ਭਾਵੇਂ ਇਸ ਫਿਲਮ ਨੂੰ ਦਰਮਿਆਨਾ ਹੁੰਗਾਰਾ ਮਿਲਿਆ ਸੀ ਪਰ 'ਜਵਾਨੀ' 'ਚ ਰੋਲ ਕਰਨ ਵਾਲੇ ਨਵੇਂ ਚਿਹਰਿਆਂ ਕਰਨਸ਼ਾਹ,ਨੀਲਮ ਅਤੇ ਜਤਿਨ ਮਲਹੋਤਰਾ ਨੂੰ ਲੋਕਾਂ ਨੇ ਵਾਹਵਾ ਪਸੰਦ ਕੀਤਾ ਇਹੋ ਵਜ੍ਹਾ ਹੈ ਕਿ ਅੱਜ ਇਨ੍ਹਾਂ ਤਿੰਨੇ ਕਲਾਕਾਰਾਂ ਕੋਲ ਅੱਧੀ-ਅੱਧੀ ਦਰਜਨ ਤੋਂ ਵੱਧ ਫਿਲਮਾਂ ਹਨ।

'ਜਵਾਨੀ' ਦੀ ਕਹਾਣੀ ਹਮਾਯੂੰ ਮਿਰਜ਼ਾ ਨੇ ਲਿਖੀ ਹੈ। ਇਕ ਮੱਧਵਰਗੀ ਪਰਿਵਾਰ ਦੇ ਸੁਭਾਅ ਦੇ ਵੱਖ ਵੱਖ ਪਹਿਲੂਆਂ ਨੂੰ ਬਾਰੀਕੀ ਨਾਲ ਦਰਸਾਇਆ ਹੈ। ਇਹ ਪਰਿਵਾਰ ਅਚਾਨਕ ਅਮੀਰ ਹੁੰਦਾ ਦਿਖਾਇਆ ਹੈ। ਲੜਕੇ ਲਈ ਅਲੱਗ ਕਾਇਦਾ-ਕਾਨੂੰਨ ਤੇ ਇਸੇ ਪਰਿਵਾਰ ਦੀ ਲੜਕੀ ਵਾਸਤੇ ਅਲੱਗ ਕਾਇਦਾ ਕਾਨੂੰਨ ਬਣਦਾ ਹੈ। ਜਵਾਨ ਧੀ ਪੁੱਤ ਅਜਿਹੇ ਨਿਯਮਾਂ ਅਸੂਲਾਂ ਨੂੰ ਇਕ ਹੱਦ ਤੱਕ ਕਬੂਲਦੇ ਹਨ ਤੇ ਇਕ ਹੱਦ ਤੱਕ ਠੁੱਡ ਮਾਰਦੇ ਹਨ — ਖੂਬ ਕਸ਼ਮਕਸ਼ ਪੈਦਾ ਹੁੰਦੀ ਹੈ।

ਫਿਲਮ 'ਚ ਕਰਨਸ਼ਾਹ ਤੇ ਜਤਿਨ ਮਲਹੋਤਰਾ ਦੇ ਨਾਂ ਕਰਨ ਤੇ ਜਤਿਨ ਹੀ ਹਨ। ਨੀਲਮ ਬਣ ਜਾਂਦੀ ਹੈ ਸਨਮ। ਜਤਿਨ ਅਤੇ ਸਨਮ ਦੇ ਮਾਪਿਆਂ ਦੀ ਭੂਮਿਕਾ ਸ਼ਰਮੀਲਾ ਟੈਗੋਰ ਅਤੇ ਅਨੂਪਮ ਖੇਰ ਨੇ ਨਿਭਾਈ ਹੈ। ਕਰਨ ਤੇ ਜਤਿਨ ਦੀ ਦੋਸਤੀ ਹੈ। ਇਕ ਪਾਰਟੀ ਵਿਚ ਕਰਨ ਅਤੇ ਸਨਮ ਦੀ ਮੁਲਾਕਾਤ ਹੁੰਦੀ ਹੈ ਤਾਂ ਫਿਰ 'ਅੱਖਾਂ ਚਾਰ' ਹੋ ਜਾਂਦੀਆਂ ਹਨ। ਉਹ ਇਕ ਦੂਜੇ ਦੇ ਹੋਣਾ ਲੋਚਦੇ ਹਨ ਪਰ ਸਨਮ ਦੇ ਮਾਪਿਆਂ ਨੂੰ ਇਹ ਗੱਲ ਪਸੰਦ ਨਹੀਂ। ਆਰਥਿਕ ਪਾੜਾ ਦੋਹਾਂ ਪਰਿਵਾਰਾਂ ਨੂੰ ਨੇੜੇ ਨਹੀਂ ਹੋਣ ਦਿੰਦਾ। ਜਵਾਨ ਦਿਲ ਬਗਾਵਤ 'ਤੇ ਉਤਰ ਆਉਂਦੇ ਹਨ ...।

ਗੁਲਸ਼ਨ ਬਾਵਰਾ ਦੇ ਲਿਖੇ ਸੋਹਣੇ ਗੀਤਾਂ ਨੂੰ ਸੰਗੀਤ 'ਚ ਪਰੋਇਆ ਹੈ ਆਰ. ਡੀ. ਬਰਮਨ ਨੇ। ਅਮਿਤ ਕੁਮਾਰ ਤੇ ਆਸ਼ਾ ਭੌਂਸਲੇ ਦੁਆਰਾ ਗਾਇਕ ਇਕ ਦੋਗਾਣਾ ਅਤਿ ਮੀਠਾ ਹੈ ਜਿਸਦਾ ਮੁਖੜਾ ਹੈ:

ਭੀਗਾ ਭੀਗਾ ਪਿਆਰਾ ਪਿਆਰਾ ਮੌਸਮ
ਮਹਿਕੀ ਸੀ ਤਨਹਾਈ
ਤੇਰੇ ਹੋਠੋਂ ਪੇ ਜੀ ਚਾਹੇ
ਲਿਖ ਦੂੰ ਇਕ ਰੁਬਾਈ।

ਇਸ਼ਤਿਹਾਰੀ ਮੁਜ਼ਰਮਾਂ ਨੂੰ ਗੋਲੀ ਮਾਰਨ ਦੇ ਹੁਕਮ ਦਾ ਵਿਰੋਧ

ਕਲਕੱਤਾ — ਪੱਛਮੀ ਬੰਗਾਲ ਸਰਕਾਰ ਨੇ ਕੇਂਦਰੀ ਸਰਕਾਰ ਦੀ ਇਹ ਸਲਾਹ ਮੰਨਣ ਤੋਂ ਇਨਕਾਰ ਕੀਤਾ ਹੈ ਕਿ ਇਸ਼ਤਿਹਾਰੀ ਮੁਜਰਮਾਂ ਨੂੰ, ਜੋ ਗ੍ਰਿਫਤਰੀ ਤੋਂ ਬਚਣ ਲਈ ਭਗੌੜੇ ਹੋ ਜਾਂਦੇ ਦੇਖਦੇ ਹੀ ਗੋਲੀ ਮਾਰਨ ਦਾ ਅਧਿਕਾਰ ਪੁਲੀਸ ਨੂੰ ਦੇਣਾ ਚਾਹੀਦਾ ਹੈ। ਪਹਿਲਾਂ ਇਹ ਗੱਲ ਦੀ ਸਿਫਾਰਸ਼ ਪੰਜਵੇਂ ਰਾਸ਼ਟਰੀ ਪੁਲੀਸ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਕੀਤੀ ਸੀ। ਪੱਛਮੀ ਬੰਗਾਲ ਸਰਕਾਰ ਦੇ ਕਾਨੂੰਨ ਵਿਭਾਗ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਖੁਲ੍ਹ ਪੁਲੀਸ ਨੂੰ ਦੇਣ ਦਾ ਭਾਵ ਹੈ 'ਪੁਲੀਸ ਨੂੰ ਬੰਦੇ ਮਾਰਨ ਦਾ ਲਾਇਸੈਂਸ ਦੇਣਾ'। ਇਹ ਨਾਗਰਿਕਾਂ ਦੇ ਮੁਢਲੇ ਅਧਿਕਾਰਾਂ ਦੇ ਵਿਰੁਧ ਹੈ।

ਅਸਲ ਵਿਚ ਦੇਸ਼ ਦੇ ਸੀਨੀਅਰ ਪੁਲੀਸ ਅਧਿਕਾਰੀ ਜ਼ੋਰ ਪਾ ਰਹੇ ਹਨ ਕਿ ਉਨ੍ਹਾਂ ਨੂੰ ਇਹ ਵਧੇਰੇ ਅਧਿਕਾਰ ਮੁਜਰਮਾਂ ਨਾਲ ਸਖਤੀ ਨਾਲ ਨਜਿੱਠਣ ਲਈ ਮਿਲਣਾ ਚਾਹੀਦਾ ਹੈ। ਰਾਹ ਦੇ ਕਾਨੂੰਨਦਾਨਾਂ ਨੇ ਕਿਹਾ ਹੈ ਕਿ ਇਕ ਕਾਤਲ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਮਿਲਦਾ ਹੈ। ਪੁਲੀਸ ਇਹ ਅਧਿਕਾਰ ਲੈ ਕੇ ਕਿਸੇ ਨੂੰ ਵੀ ਇਸ਼ਤਿਹਾਰੀ ਮੁਜਰਮ ਕਰਾਰ ਦੇ ਕੇ ਗੋਲੀ ਮਾਰ ਸਕੇਗੀ।



GREYFRIARS REALTY LTD.

15090 Fraser Highway Surrey, B.C. V3R 3P4

Ph. (604) 588-0131




Surinder[Suzie] Ahuja
Res. 581-6546
Off. 588-0131
Direct Pager 735-6616





3 BDRM BSMT (Surrey)
1 yr. old New Subdiv.



Brad Vollans
Res. 588-8778
Off. 588-0131
Direct Pager 735-5652


NO! YOU DON'T HAVE TO GIVE YOUR HOME AWAY .....



I receive calls from buyers constantly and I am always in need of good saleable homes.

ਘਰ ਖ਼੍ਰੀਦਣ, ਵੇਚਣ ਜਾਂ ਘਰ ਸਬੰਧੀ ਹੋਰ ਸਲਾਹ ਲੈਣ ਲਈ ਮਿਲੋ ਜਾਂ ਫੋਨ ਕਰੋ।
ਪੰਜਾਬੀ ਵਿਚ ਵੀ ਗੱਲਬਾਤ ਕਰ ਸਕਦੇ ਹੋ

NORTH AMERICAN LIFE ASSURANCE CO.



Sunil Ahuja

SUNIL AHUJA

representative

- ☐ Life Insurance
- ☐ Mortgage Insurance
- ☐ Children's Educational Plans
- ☐ R R S P

Bus. 685-9335
Res. 581-6546
320, 815 West Hasting St.
VANCOUVER, B.C. V6C 2W1